
People's Herald

Rs- 160/month

People's Herald



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

ਪਟਿਆਲਾ

"Equality and Justice"

स्वतंत्रता, समानता, भाईचारा

PATIALA On line paper 20 ਅਕਤੂਬਰ 2025 ਸੋਮਵਾਰ "ਰੋਜ਼ਾਨਾ" ਚੌਥਾ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ

(Google pay 91-9463601616 HARDIP SINGH STATE BANK OF INDIA ACCT NO-10566643658 . IFSC- SBIN0050773



## ਅਫ਼ਗਾਨਿਸਤਾਨ ਤੇ ਪਾਕਿਸਤਾਨ ਫੌਰੀ ਜੰਗਬੰਦੀ ਲਈ ਸਹਿਮਤ: ਕਤਰ

### ਕਤਰ ਤੇ ਤੁਰਕੀ ਦੀ ਵਿਚੋਲਗੀ ਨਾਲ ਹੋਈ ਗੱਲਬਾਤ ਵਿਚ ਦੋਵਾਂ ਮੁਲਕਾਂ ਦੇ ਰੱਖਿਆ ਮੰਤਰੀ ਹੋਏ ਸ਼ਾਮਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਅਕਤੂਬਰ INTERNATIONAL PAPER, 94636 01616 hardipchumber57@gmail.com



ਅਫ਼ਗਾਨਿਸਤਾਨ ਤੇ ਪਾਕਿਸਤਾਨ ਵਿਚਾਲੇ ਪਿਛਲੇ ਇਕ ਹਫ਼ਤੇ ਤੋਂ ਜਾਰੀ ਲੜਾਈ ਮਗਰੋਂ ਦੋਵੇਂ ਮੁਲਕ ਫੌਰੀ ਜੰਗਬੰਦੀ 'ਤੇ ਸਹਿਮਤ ਹੋ ਗਏ ਹਨ। ਕਤਰ ਦੇ ਵਿਦੇਸ਼ ਮੰਤਰਾਲੇ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ ਹੈ। ਅਫ਼ਗਾਨਿਸਤਾਨ ਤੇ ਪਾਕਿਸਤਾਨ ਦਰਮਿਆਨ ਜਾਰੀ ਲੜਾਈ ਵਿਚ ਦਰਜਨਾਂ ਲੋਕ ਮਾਰੇ ਗਏ ਹਨ ਤੇ ਸੈਂਕੜੇ ਲੋਕ ਜ਼ਖ਼ਮੀ ਹੋਏ ਹਨ।

ਕਤਰ ਨੇ ਬਿਆਨ ਵਿਚ ਕਿਹਾ ਕਿ ਦੋਵੇਂ ਧਿਰਾਂ ਸਥਾਈ ਸ਼ਾਂਤੀ ਤੇ ਸਥਿਰਤਾ ਦੀ ਮਜ਼ਬੂਤੀ ਤੇ ਅਗਲੇ ਦਿਨਾਂ ਵਿਚ ਜੰਗਬੰਦੀ ਦੀ ਲਗਾਤਾਰਤਾ ਯਕੀਨੀ ਬਣਾਉਣ ਲਈ ਗੱਲਬਾਤ ਜਾਰੀ ਰੱਖਣ ਉੱਤੇ ਸਹਿਮਤ ਹੋਏ ਹਨ। ਅਫ਼ਗਾਨਿਸਤਾਨ ਤੇ ਪਾਕਿਸਤਾਨ ਦੇ ਵਫ਼ਦ ਦੋਵਾਂ ਮੁਲਕਾਂ ਦਰਮਿਆਨ ਤਣਾਅ ਘੱਟ ਕਰਨ ਦੇ ਮਕਸਦ ਨਾਲ ਸੰਵਾਦ ਵਾਸਤੇ ਦੋਹਾ ਵਿਚ ਸਨ। ਗੱਲਬਾਤ ਦੀ ਵਿਚੋਲਗੀ ਕਤਰ ਤੇ ਤੁਰਕੀ ਨੇ ਕੀਤੀ।

ਦੋਵਾਂ ਮੁਲਕਾਂ ਦੇ ਗੱਲਬਾਤ ਦੀ ਅਗਵਾਈ ਲਈ ਆਪੋ ਆਪਣੇ ਰੱਖਿਆ ਮੰਤਰੀਆਂ ਨੂੰ ਭੇਜਿਆ। ਪਾਕਿਸਤਾਨ ਨੇ ਕਿਹਾ ਸੀ ਕਿ ਇਹ ਗੱਲਬਾਤ 'ਅਫ਼ਗਾਨਿਸਤਾਨ ਤੋਂ ਸਿਰ ਚੁੱਕਣ ਵਾਲੇ ਸਰਹੱਦ ਪਾਰ ਅਤਿਵਾਦ ਨੂੰ ਖ਼ਤਮ ਕਰਨ ਤੇ ਸਰਹੱਦ 'ਤੇ ਸ਼ਾਂਤੀ ਤੇ ਸਥਿਰਤਾ ਦੀ ਬਹਾਲੀ ਲਈ ਫੌਰੀ ਕਦਮ ਚੁੱਕਣ ਵੱਲ ਕੇਂਦਰਤ ਹੋਵੇਗੀ। ਦੋਵਾਂ ਮੁਲਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਹਮਲੇ ਦਾ ਜਵਾਬ ਦਿੱਤਾ। ਅਫ਼ਗਾਨਿਸਤਾਨ ਨੇ ਸਰਹੱਦੀ ਇਲਾਕਿਆਂ ਵਿਚ ਹਮਲੇ ਕਰਨ ਵਾਲੇ ਅਤਿਵਾਦੀਆਂ ਨੂੰ ਪਨਾਹ ਦੇਣ ਤੋਂ ਇਨਕਾਰ ਕੀਤਾ ਹੈ। ਦੋਵਾਂ ਮੁਲਕਾਂ ਦਰਮਿਆਨ ਟਕਰਾਅ ਰੋਕਣ ਲਈ 48 ਘੰਟੇ ਦੀ ਜੰਗਬੰਦੀ ਸ਼ੁੱਕਰਵਾਰ ਸ਼ਾਮ ਨੂੰ ਖ਼ਤਮ ਹੋ ਗਈ ਸੀ, ਜਿਸ ਮਗਰੋਂ ਦੋਵਾਂ ਮੁਲਕਾਂ ਨੇ ਫਿਰ ਤੋਂ ਇਕ ਦੂਜੇ 'ਤੇ ਹਮਲੇ ਕੀਤੇ ਜਾਣ ਦੇ ਦਾਅਵੇ ਕੀਤੇ ਸਨ। ਉਧਰ ਅਫ਼ਗਾਨਿਸਤਾਨ ਕ੍ਰਿਕਟ ਬੋਰਡ (ਏ ਸੀ ਬੀ) ਨੇ ਸ਼ੁੱਕਰਵਾਰ ਨੂੰ ਦੱਖਣ-ਪੂਰਬੀ ਪਕਤਿਕਾ ਸੂਬੇ 'ਚ ਪਾਕਿਸਤਾਨੀ ਫੌਜ ਦੇ ਹਮਲਿਆਂ 'ਚ ਸਥਾਨਕ ਤਿੰਨ ਕ੍ਰਿਕਟਰਾਂ ਦੀ ਮੌਤ ਦਾ ਦਾਅਵਾ ਕਰਦਿਆਂ ਅਗਲੇ ਮਹੀਨੇ ਪਾਕਿਸਤਾਨ 'ਚ ਹੋਣ ਵਾਲੀ ਤਿਕੋਣੀ ਟੀ-20 ਕ੍ਰਿਕਟ ਲੜੀ 'ਚੋਂ ਆਪਣੀ ਕੌਮੀ ਟੀਮ ਦਾ ਨਾਮ ਵਾਪਸ ਲੈ ਲਿਆ ਹੈ।

## ਰਿਸ਼ਵਤਖੋਰੀ ਮਾਮਲਾ: ਪੰਜਾਬ ਦੀ ਰੋਪੜ ਰੇਂਜ ਦੇ ਡੀ ਆਈ ਜੀ ਹਰਚਰਨ ਸਿੰਘ ਭੁੱਲਰ ਨੂੰ ਕੀਤਾ ਮੁਅੱਤਲ

### 48 ਘੰਟਿਆਂ ਤੋਂ ਵੱਧ ਸਮੇਂ ਤੱਕ ਹਿਰਾਸਤ 'ਚ ਰਹਿਣ 'ਤੇ ਇਸ ਨਿਯਮ ਤਹਿਤ ਸਬੰਧਿਤ ਸਰਕਾਰ ਵੱਲੋਂ ਮੁਅੱਤਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਅਕਤੂਬਰ INTERNATIONAL PAPER, 94636 01616 hardipchumber57@gmail.com

ਸੀ ਬੀ ਆਈ ਵੱਲੋਂ ਬੀਤੇ ਦਿਨੀਂ ਰਿਸ਼ਵਤਖੋਰੀ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਪੰਜਾਬ ਦੀ ਰੋਪੜ ਰੇਂਜ ਦੇ ਡੀ ਆਈ ਜੀ ਹਰਚਰਨ ਸਿੰਘ ਭੁੱਲਰ ਨੂੰ ਸਰਕਾਰ ਵੱਲੋਂ ਅੱਜ ਜਾਰੀ ਹੁਕਮਾਂ ਤਹਿਤ ਮੁਅੱਤਲ ਕਰ ਦਿੱਤਾ ਗਿਆ ਹੈ। ਹਰਚਰਨ ਭੁੱਲਰ ਨੂੰ ਇੱਕ ਹੋਰ ਵਿਅਕਤੀ ਨਾਲ ਵੀਰਵਾਰ ਨੂੰ ਅੱਠ ਲੱਖ ਰੁਪਏ ਦੀ ਰਿਸ਼ਵਤਖੋਰੀ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਅਧਿਕਾਰੀ ਨੂੰ ਸਕਰੈਪ ਡੀਲਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਤੋਂ ਬਾਅਦ ਉਸ ਦੇ ਮੁਹਾਲੀ ਸਥਿਤ ਦਫ਼ਤਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਹਰਚਰਨ ਭੁੱਲਰ ਨੂੰ ਚੰਡੀਗੜ੍ਹ ਸਥਿਤ ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਨੇ ਕੱਲ੍ਹ ਹੀ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਸੀ।

ਪੰਜਾਬ ਦੇ ਗ੍ਰਹਿ ਮਾਮਲਿਆਂ ਬਾਰੇ ਵਿਭਾਗ ਵੱਲੋਂ ਅੱਜ ਜਾਰੀ ਕੀਤੇ ਹੁਕਮ ਵਿੱਚ ਕਿਹਾ ਗਿਆ ਹੈ ਕਿ ਆਲ ਇੰਡੀਆ ਸਰਵਿਸਿਜ਼ (ਅਨੁਸ਼ਾਸਨ ਅਤੇ ਅਪੀਲ) ਨਿਯਮਾਂ ਦੇ ਨਿਯਮ 3(2) ਅਨੁਸਾਰ ਜੇ ਕਿਸੇ ਸਰਕਾਰੀ ਮੁਲਾਜ਼ਮ ਨੂੰ ਅਪਰਾਧਿਕ ਜਾਂ ਹੋਰ ਕਿਸੇ ਦੋਸ਼ ਹੇਠ ਹਿਰਾਸਤ ਵਿੱਚ ਲਿਆ ਜਾਂਦਾ ਹੈ ਤਾਂ 48 ਘੰਟਿਆਂ ਤੋਂ ਵੱਧ ਸਮੇਂ ਤੱਕ ਹਿਰਾਸਤ 'ਚ ਰਹਿਣ



'ਤੇ ਇਸ ਨਿਯਮ ਤਹਿਤ ਸਬੰਧਿਤ ਸਰਕਾਰ ਵੱਲੋਂ ਉਸ ਨੂੰ ਮੁਅੱਤਲ ਮੰਨਿਆ ਜਾਵੇਗਾ। ਸਰਕਾਰ ਨੇ ਉਕਤ ਨਿਯਮ ਤਹਿਤ ਆਈ ਪੀ ਐੱਸ ਅਧਿਕਾਰੀ ਹਰਚਰਨ ਸਿੰਘ ਭੁੱਲਰ ਨੂੰ 16 ਅਕਤੂਬਰ ਤੋਂ ਮੁਅੱਤਲ ਕਰ ਦਿੱਤਾ ਹੈ।

## ਮਾਇਆਵਤੀ ਦਾ ਦਾਅਵਾ ਹੈ: ਯੂਪੀ ਬਸਪਾ ਸਰਕਾਰਾਂ 'ਕਾਨੂੰਨ ਦੇ ਰਾਜ' ਅਤੇ ਚੰਗੇ ਸ਼ਾਸਨ ਦੀ ਇੱਕ ਉਦਾਹਰਣ ਹਨ, ਪੂਰੇ ਦੇਸ਼ ਨੂੰ ਅਜਿਹੇ ਸ਼ਾਸਨਾਂ ਦੀ ਭਾਲ

### ਹਾਲੀਆ ਘਟਨਾਵਾਂ ਦਾ ਹਵਾਲਾ ਦਿੰਦੇ ਹੋਏ, ਮਾਇਆਵਤੀ ਨੇ ਅਦਾਲਤ ਵਿੱਚ ਚੀਫ ਜਸਟਿਸ ਨਾਲ ਜੁੜੀ ਜਾਤੀਵਾਦੀ ਘਟਨਾ ਅਤੇ ਹਰਿਆਣਾ ਦੇ ਇੱਕ ਸੀਨੀਅਰ ਪੁਲਿਸ ਅਧਿਕਾਰੀ ਦੀ ਘਿਣਾਉਣੀ ਜਾਤੀ-ਪ੍ਰੇਰਿਤ ਖੁਦਕੁਸ਼ੀ 'ਤੇ ਦੁੱਖ ਪ੍ਰਗਟ ਕੀਤਾ।

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਅਕਤੂਬਰ INTERNATIONAL PAPER, 94636 01616 hardipchumber57@gmail.com


ਲਖਨਊ — ਬਹੁਜਨ ਸਮਾਜ ਪਾਰਟੀ (ਬਸਪਾ) ਦੀ ਰਾਸ਼ਟਰੀ ਪ੍ਰਧਾਨ ਮਾਇਆਵਤੀ ਨੇ ਐਤਵਾਰ ਨੂੰ ਇੱਥੇ ਹੋਈ ਪਾਰਟੀ ਦੀ ਅਖਿਲ ਭਾਰਤੀ ਮੀਟਿੰਗ ਵਿੱਚ ਦੇਸ਼ ਭਰ ਦੇ ਰਾਜਾਂ (ਉੱਤਰ ਪ੍ਰਦੇਸ਼ ਅਤੇ ਉਤਰਾਖੰਡ ਨੂੰ ਛੱਡ ਕੇ) ਵਿੱਚ ਸੰਗਠਨ ਦੀਆਂ ਜ਼ਮੀਨੀ ਤਿਆਰੀਆਂ ਦੀ ਸਮੀਖਿਆ ਕੀਤੀ। ਉਨ੍ਹਾਂ ਨੇ ਸਮਾਜ ਵਿੱਚ ਪਾਰਟੀ ਦੇ ਸਮਰਥਨ ਅਧਾਰ ਨੂੰ ਮਜ਼ਬੂਤ ਕਰਨ ਲਈ ਖਾਸ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਅਤੇ ਦੇਸ਼ ਵਿੱਚ ਵੱਧ ਰਹੀ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਔਰਤਾਂ ਦੀ ਅਸੁਰੱਖਿਆ, ਜਾਤ-ਅਧਾਰਤ ਅਤੇ ਫਿਰਕੂ ਹਿੰਸਾ ਅਤੇ ਭ੍ਰਿਸ਼ਟਾਚਾਰ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ। ਮਾਇਆਵਤੀ ਨੇ ਕਿਹਾ ਕਿ ਵੋਟਾਂ ਦੀ ਤਾਕਤ ਨਾਲ ਸੱਤਾ ਹਾਸਲ ਕਰਕੇ ਹੀ ਦਲਿਤਾਂ ਅਤੇ ਬਹੁਜਨ ਸਮਾਜ ਨੂੰ ਸ਼ੋਸ਼ਣ ਤੋਂ ਮੁਕਤ ਕੀਤਾ ਜਾ ਸਕਦਾ ਹੈ, ਜਿਸ ਨਾਲ ਬਾਬਾ ਸਾਹਿਬ ਅੰਬੇਡਕਰ ਦੇ ਸੰਵਿਧਾਨ ਦੇ ਉਦੇਸ਼ ਨੂੰ ਸਾਕਾਰ ਕੀਤਾ ਜਾ ਸਕੇਗਾ।

ਮੀਟਿੰਗ ਵਿੱਚ, ਮਾਇਆਵਤੀ ਨੇ 16 ਅਕਤੂਬਰ ਨੂੰ ਉੱਤਰ ਪ੍ਰਦੇਸ਼ ਅਤੇ ਉਤਰਾਖੰਡ ਵਿੱਚ ਹੋਈਆਂ ਵੱਖ-ਵੱਖ ਮੀਟਿੰਗਾਂ ਤੋਂ ਬਾਅਦ ਦੂਜੇ ਰਾਜਾਂ 'ਤੇ ਧਿਆਨ ਕੇਂਦਰਿਤ ਕੀਤਾ। ਉਨ੍ਹਾਂ ਨੇ ਨਵੀਂ ਰਾਜਨੀਤਿਕ ਸਥਿਤੀ ਦੇ ਮੱਦੇਨਜ਼ਰ ਕਮੀਆਂ ਨੂੰ ਦੂਰ ਕਰਨ ਅਤੇ ਹੋਰ ਰਣਨੀਤੀਆਂ 'ਤੇ ਜ਼ੋਰ ਦਿੰਦੇ ਹੋਏ, ਰਾਜ-ਵਾਰ ਸੰਗਠਨਾਤਮਕ ਪ੍ਰਗਤੀ ਦੀ ਸਮੀਖਿਆ ਕੀਤੀ। ਖਾਸ ਤੌਰ 'ਤੇ, ਉਨ੍ਹਾਂ ਨੇ ਬਸਪਾ ਦੇ ਸੰਸਥਾਪਕ ਕਾਂਸ਼ੀ ਰਾਮ ਦੀ 19ਵੀਂ ਬਰਸੀ ਦੇ ਮੌਕੇ 'ਤੇ 9 ਅਕਤੂਬਰ ਨੂੰ ਲਖਨਊ ਦੇ ਸਮਾਰਕ ਸਥਾਨ 'ਤੇ ਆਯੋਜਿਤ ਉੱਤਰ ਪ੍ਰਦੇਸ਼-ਪੱਧਰੀ ਮੈਗਾ-ਈਵੈਂਟ ਦੀ ਇਤਿਹਾਸਕ ਸਫਲਤਾ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਦੂਜੇ ਰਾਜਾਂ ਨੂੰ ਉੱਤਰ ਪ੍ਰਦੇਸ਼ ਦੇ ਹਰ ਪਿੰਡ ਵਿੱਚ ਦਿਖਾਈ ਦੇਣ ਵਾਲੇ ਤਨ, ਮਨ ਅਤੇ ਧਨ ਦੇ ਸਮਰਪਣ ਦੀ ਨਕਲ ਕਰਨੀ ਚਾਹੀਦੀ ਹੈ, ਤਾਂ ਜੋ ਬਸਪਾ ਦਾ ਮਿਸ਼ਨ ਪੂਰਾ ਹੋ ਸਕੇ ਅਤੇ ਅੰਬੇਡਕਰ ਦੇ ਕਲਿਆਣਕਾਰੀ ਰਾਜ ਦੇ ਸੁਪਨੇ ਨੂੰ ਸਾਕਾਰ ਕੀਤਾ ਜਾ ਸਕੇ।

ਦੇਸ਼ ਦੀ ਮੌਜੂਦਾ ਸਥਿਤੀ 'ਤੇ ਚਿੰਤਾ ਪ੍ਰਗਟ ਕਰਦੇ ਹੋਏ, ਮਾਇਆਵਤੀ ਨੇ ਕਿਹਾ ਕਿ ਸਰਕਾਰਾਂ ਦੇ ਤੰਗ ਜਾਤੀਵਾਦੀ ਅਤੇ ਰਾਜਨੀਤਿਕ ਹਿੱਤ ਜਨਤਕ ਹਿੱਤਾਂ ਨੂੰ ਨੁਕਸਾਨ ਪਹੁੰਚਾ ਰਹੇ ਹਨ, ਦੇਸ਼ ਦੇ ਵਿਕਾਸ ਵਿੱਚ ਰੁਕਾਵਟ ਪਾ ਰਹੇ ਹਨ। ਦਲਿਤਾਂ ਅਤੇ ਬਹੁਜਨ ਭਾਈਚਾਰਿਆਂ ਦੇ ਨਿਰੰਤਰ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਸ਼ੋਸ਼ਣ, ਜ਼ੁਲਮ ਅਤੇ ਅਪਮਾਨ 'ਤੇ ਗੁੱਸਾ ਪ੍ਰਗਟ ਕਰਦੇ ਹੋਏ, ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਮੁਕਤੀ ਸਿਰਫ ਵੋਟਾਂ ਰਾਹੀਂ ਸੱਤਾ ਦੀ "ਮਾਸਟਰ ਕੁੰਜੀ" ਪ੍ਰਾਪਤ ਕਰਕੇ ਹੀ ਸੰਭਵ ਹੈ। ਉਨ੍ਹਾਂ ਨੇ ਉੱਤਰ ਪ੍ਰਦੇਸ਼ ਵਿੱਚ ਚਾਰ ਬਸਪਾ ਸਰਕਾਰਾਂ ਦੀ ਉਦਾਹਰਣ ਦਿੱਤੀ, ਜਿੱਥੇ ਮਹਾਤਮਾ ਜੋਤੀਬਾ ਫੂਲੇ, ਸ਼੍ਰੀ ਨਾਰਾਇਣ ਗੁਰੂ, ਛਤਰਪਤੀ ਸ਼ਾਹੂਜੀ ਮਹਾਰਾਜ, ਬਾਬਾ ਸਾਹਿਬ ਅੰਬੇਡਕਰ ਅਤੇ ਕਾਂਸ਼ੀ ਰਾਮ ਵਰਗੇ ਮਹਾਂਪੁਰਖਾਂ ਦੇ ਸੁਪਨੇ ਸਮਾਜਿਕ ਤਬਦੀਲੀ ਅਤੇ ਆਰਥਿਕ ਮੁਕਤੀ ਰਾਹੀਂ ਸਾਕਾਰ ਹੋਏ ਸਨ।

ਹਾਲ ਹੀ ਦੀਆਂ ਘਟਨਾਵਾਂ ਦਾ ਹਵਾਲਾ ਦਿੰਦੇ ਹੋਏ, ਮਾਇਆਵਤੀ ਨੇ ਅਦਾਲਤ ਵਿੱਚ ਚੀਫ ਜਸਟਿਸ ਨਾਲ ਜੁੜੀ ਜਾਤੀਵਾਦੀ ਘਟਨਾ ਅਤੇ ਹਰਿਆਣਾ ਦੇ ਇੱਕ ਸੀਨੀਅਰ ਪੁਲਿਸ ਅਧਿਕਾਰੀ ਦੀ ਘਿਣਾਉਣੀ ਜਾਤੀਵਾਦੀ ਖੁਦਕੁਸ਼ੀ 'ਤੇ ਦੁੱਖ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਇਹ ਘਟਨਾਵਾਂ ਸੰਵਿਧਾਨਕ ਪ੍ਰਣਾਲੀ ਅਤੇ ਸੱਭਿਅਕ ਸਮਾਜ ਲਈ ਚਿੰਤਾਜਨਕ ਹਨ, ਪਰ ਸਰਕਾਰ ਅਤੇ ਸੰਸਥਾਵਾਂ ਵੱਲੋਂ ਲੋੜੀਂਦੀ ਸਖ਼ਤ ਕਾਰਵਾਈ ਅਤੇ ਗੰਭੀਰਤਾ ਦੀ ਘਾਟ ਕਾਨੂੰਨ ਦੇ ਸ਼ਾਸਨ 'ਤੇ ਸਵਾਲ ਖੜ੍ਹੇ ਕਰਦੀ ਹੈ।

ਬਸਪਾ ਨੂੰ "ਅੰਬੇਡਕਰਵਾਦੀ ਪਾਰਟੀ" ਦੱਸਦੇ ਹੋਏ, ਮਾਇਆਵਤੀ ਨੇ ਸਪੱਸ਼ਟ ਕੀਤਾ ਕਿ ਇਹ ਪੂੰਜੀਪਤੀਆਂ ਦੇ ਇਸ਼ਾਰੇ 'ਤੇ ਕੰਮ ਕਰਨ ਵਾਲੀ ਸਵਾਰਥੀ ਪਾਰਟੀ ਨਹੀਂ ਹੈ, ਸਗੋਂ ਦਲਿਤਾਂ, ਆਦਿਵਾਸੀਆਂ, ਪਛੜੇ ਵਰਗਾਂ, ਮੁਸਲਮਾਨਾਂ ਅਤੇ ਘੱਟ ਗਿਣਤੀਆਂ ਦੇ ਹਿੱਤਾਂ ਦੀ ਰੱਖਿਆ ਲਈ ਸਮਰਪਿਤ ਹੈ। ਉੱਤਰ ਪ੍ਰਦੇਸ਼ ਵਿੱਚ ਬਸਪਾ ਸਰਕਾਰਾਂ ਨੂੰ "ਕਾਨੂੰਨ ਦੇ ਸ਼ਾਸਨ" ਅਤੇ "ਚੰਗੇ ਸ਼ਾਸਨ" ਦੀਆਂ ਉਦਾਹਰਣਾਂ ਦੱਸਦੇ ਹੋਏ, ਉਨ੍ਹਾਂ ਕਿਹਾ ਕਿ ਅੱਜ



ਦੇਸ਼ ਭਰ ਵਿੱਚ ਅਜਿਹੀਆਂ ਸਰਕਾਰਾਂ ਦੀ ਮੰਗ ਕੀਤੀ ਜਾ ਰਹੀ ਹੈ। ਆਪਣੇ ਜਨਮਦਿਨ, 15 ਜਨਵਰੀ 'ਤੇ, ਉਨ੍ਹਾਂ ਨੇ ਵਿੱਤੀ ਸਹਾਇਤਾ ਦੀ ਪਰੰਪਰਾ ਨੂੰ ਜਾਰੀ ਰੱਖਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਬਸਪਾ ਲੱਖਾਂ ਬਹੁਜਨ ਸਮਾਜ ਦੇ ਮੈਂਬਰਾਂ ਨੂੰ ਗਰੀਬੀ ਅਤੇ ਲਾਚਾਰੀ ਤੋਂ ਬਾਹਰ ਕੱਢਣਾ ਚਾਹੁੰਦੀ ਹੈ ਅਤੇ ਉਨ੍ਹਾਂ ਨੂੰ "ਲੈਣ ਵਾਲੇ ਸਮਾਜ ਤੋਂ ਦੇਣ ਵਾਲੇ ਸਮਾਜ" ਵਿੱਚ ਬਦਲਣਾ ਚਾਹੁੰਦੀ ਹੈ, ਜਿਸ ਲਈ ਉਨ੍ਹਾਂ ਦੇ ਪੂਰੇ ਦਿਲ, ਮਨ ਅਤੇ ਪੈਸੇ ਨਾਲ ਨਿਰੰਤਰ ਸਮਰਥਨ ਜ਼ਰੂਰੀ ਹੈ।

ਮੀਟਿੰਗ ਵਿੱਚ ਵੱਖ-ਵੱਖ ਰਾਜਾਂ ਦੇ ਪ੍ਰਤੀਨਿਧੀਆਂ ਨੇ ਮਾਇਆਵਤੀ ਨੂੰ 9 ਅਕਤੂਬਰ ਦੇ ਯੂਪੀ ਮੈਗਾ-ਈਵੈਂਟ ਦੀ ਸਫਲਤਾ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਹ ਉਨ੍ਹਾਂ ਦਾ ਸੁਨੇਹਾ ਹਰ ਪਿੰਡ ਤੱਕ ਪਹੁੰਚਾਉਣਗੇ। ਉਨ੍ਹਾਂ ਨੇ ਆਪਣੇ-ਆਪਣੇ ਰਾਜਾਂ ਵਿੱਚ ਬਸਪਾ ਦੇ ਸਮਰਥਨ ਅਧਾਰ ਨੂੰ ਮਜ਼ਬੂਤ ਕਰਨ ਅਤੇ ਸੱਤਾ ਵਿੱਚ ਇਸਦੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਦਾ ਵਾਅਦਾ ਕੀਤਾ। ਅੰਤ ਵਿੱਚ, ਮਾਇਆਵਤੀ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਲੁਧਿਆਣਾ 'ਚ ਕਾਰੋਬਾਰੀ ਦੇ ਘਰ 'ਤੇ ਗੋਲੀਆਂ ਚਲਾ ਕੇ ਮੰਗੀ 5 ਕਰੋੜ ਰੁਪਏ ਦੀ ਫਿਰੌਤੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਅਕਤੂਬਰ
INTERNATIONAL PAPER, 94636 01616
hardipchumber57@gmail.com

ਲੁਧਿਆਣਾ ਵਿੱਚ ਇੱਕ ਰੀਅਲ ਅਸਟੇਟ ਕਾਰੋਬਾਰੀ ਦੇ ਘਰ 'ਤੇ ਬਾਈਕ ਸਵਾਰ ਬਦਮਾਸ਼ਾਂ ਨੇ ਗੋਲੀਆਂ ਚਲਾਈਆਂ। ਗੋਲੀਆਂ ਲੱਗਣ ਕਾਰਨ ਬਾਲਕੋਨੀ ਦਾ ਸ਼ੀਸ਼ਾ ਟੁੱਟ ਗਿਆ। ਮੌਕੇ 'ਤੇ ਇੱਕ ਪਰਚੀ ਮਿਲੀ, ਜਿਸ 'ਤੇ ਕੌਸ਼ਲ ਚੌਧਰੀ ਗਰੁੱਪ ਅਤੇ 5 ਕਰੋੜ ਲਿਖੇ ਹੋਏ ਸਨ। ਕਾਰੋਬਾਰੀ ਨੰਦਲਾਲ ਨੇ ਇਸ ਬਾਰੇ ਪੁਲਿਸ ਨੂੰ ਸ਼ਿਕਾਇਤ ਕੀਤੀ।

ਸੂਚਨਾ ਮਿਲਣ 'ਤੇ ਸਦਰ ਥਾਣਾ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਇਲਾਕੇ ਨੂੰ ਘੇਰ ਲਿਆ। ਪੁਲਿਸ ਨੇੜੇ ਲੱਗੇ ਸੀਸੀਟੀਵੀ ਫੁਟੇਜ ਨੂੰ ਸਕੈਨ ਕਰ ਰਹੀ ਹੈ, ਤਾਂ ਜੋ ਬਦਮਾਸ਼ਾਂ ਦੀ ਪਛਾਣ ਕੀਤੀ ਜਾ ਸਕੇ ਅਤੇ ਜਲਦੀ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਸਕੇ। ਗੋਲੀਬਾਰੀ ਕਰਨ ਵਾਲੇ ਲੋਕਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ।



ਨੰਦਲਾਲ 2006 ਵਿੱਚ ਫੌਜ ਤੋਂ ਸੂਬੇਦਾਰ ਵਜੋਂ ਸੇਵਾਮੁਕਤ ਹੋਇਆ ਸੀ ਅਤੇ ਹੁਣ ਲੁਧਿਆਣਾ ਵਿੱਚ ਰੀਅਲ ਅਸਟੇਟ ਦਾ ਕਾਰੋਬਾਰ ਕਰਦਾ ਹੈ। ਉਸਦੇ ਦੋ ਪੁੱਤਰ ਹਨ, ਜਿਨ੍ਹਾਂ ਵਿੱਚੋਂ ਇੱਕ ਡਾਕਟਰ ਹੈ ਅਤੇ ਦੂਜਾ ਬੈਂਕ ਮੈਨੇਜਰ ਹੈ।

# ਪਤਨੀ ਸਾਂਝੇ ਘਰ 'ਚ ਰਹਿਣ ਦੀ ਹੱਕਦਾਰ, ਭਾਵੇਂ ਪਤੀ ਨੂੰ ਮਾਪਿਆਂ ਨੇ ਬੇਦਖਲ ਕਰ ਦਿੱਤਾ ਹੋਵੇ: ਹਾਈ ਕੋਰਟ

## ਦਿੱਲੀ ਹਾਈ ਕੋਰਟ ਨੇ ਔਰਤ ਦੀ ਸੱਸ ਵਲੋਂ ਦਾਇਰ ਅਰਜ਼ੀ ਨੂੰ ਖਾਰਜ ਕੀਤਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਅਕਤੂਬਰ
INTERNATIONAL PAPER, 94636 01616
hardipchumber57@gmail.com

ਨਵੀਂ ਦਿੱਲੀ: ਦਿੱਲੀ ਹਾਈ ਕੋਰਟ ਨੇ ਕਿਹਾ ਹੈ ਕਿ ਵਿਆਹ ਤੋਂ ਬਾਅਦ ਜੇ ਪਤਨੀ ਸਾਂਝੇ ਘਰ ਵਿੱਚ ਰਹਿੰਦੀ ਹੈ ਅਤੇ ਬਾਅਦ ਵਿੱਚ ਜੇ ਪਤੀ ਨੂੰ ਉਸ ਦੇ ਮਾਪਿਆਂ ਵੱਲੋਂ ਬੇਦਖਲ ਕਰ ਦਿੱਤਾ ਜਾਂਦਾ ਹੈ, ਇਸ ਦੇ ਬਾਵਜੂਦ ਉਸ ਦੀ ਪਤਨੀ ਉੱਥੇ ਰਹਿਣ ਦੀ ਹੱਕਦਾਰ ਹੈ।




ਜਸਟਿਸ ਸੰਜੀਵ ਨਰੂਲਾ ਨੇ ਇਹ ਟਿੱਪਣੀ ਔਰਤ ਦੀ ਸੱਸ ਵਲੋਂ ਦਾਇਰ ਅਰਜ਼ੀ ਨੂੰ ਖਾਰਜ ਕਰਦਿਆਂ ਕੀਤੀ।

ਅਦਾਲਤ ਨੇ ਕਿਹਾ ਕਿ ਨੂੰਹ ਨੂੰ ਕਾਨੂੰਨੀ ਪ੍ਰਕਿਰਿਆ ਤੋਂ ਬਿਨਾਂ ਬੇਦਖਲ ਨਹੀਂ ਕੀਤਾ ਜਾ ਸਕਦਾ। ਐਡਵੋਕੇਟ ਸੰਵੇਦਨਾ ਵਰਮਾ ਨੂੰਹ ਵਲੋਂ ਪੇਸ਼ ਹੋਈ ਜਦੋਂ ਕਿ ਸਹੁਰਾ ਪਰਿਵਾਰ ਦੀ ਨੁਮਾਇੰਦਗੀ ਵਕੀਲ ਕਾਜਲ ਚੰਦਰ ਨੇ ਕੀਤੀ। ਪਟੀਸ਼ਨ ਅਨੁਸਾਰ 2010 ਵਿੱਚ ਦੋਵਾਂ ਦਾ ਵਿਆਹ ਹੋਇਆ ਤੇ ਇਸ ਤੋਂ ਬਾਅਦ 2011 ਵਿੱਚ ਸਬੰਧ ਵਿਗੜ ਗਏ। ਪਟੀਸ਼ਨਕਰਤਾਵਾਂ ਨੇ ਦਲੀਲ ਦਿੱਤੀ ਕਿ ਇਹ ਜਾਇਦਾਦ ਸਵਰਗੀ ਦਲਜੀਤ ਸਿੰਘ ਦੀ ਸਵੈ-ਪ੍ਰਾਪਤ ਜਾਇਦਾਦ ਸੀ ਅਤੇ ਇਸ ਲਈ ਇਸ ਨੂੰ ਸਾਂਝਾ ਘਰ ਨਹੀਂ ਮੰਨਿਆ ਜਾ ਸਕਦਾ।

# ਅਮਰੀਕਾ ਵੀਜ਼ਾ ਬੁਲੇਟਿਨ; ਪਰਿਵਾਰਕ ਸਪਾਂਸਰਡ ਵੀਜ਼ਾ ਅਰਜ਼ੀਆਂ ਦੇ ਨਿਪਟਾਰੇ 'ਚ ਹੋਈ ਮਾਮੂਲੀ ਹਿਲਜੁੱਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਅਕਤੂਬਰ
INTERNATIONAL PAPER, 94636 01616
hardipchumber57@gmail.com

ਵਾਸ਼ਿੰਗਟਨ ਡੀ.ਸੀ., 19 ਅਕਤੂਬਰ-

ਯੂ.ਐੱਸ. ਡਿਪਾਰਟਮੈਂਟ ਆਫ ਸਟੇਟ ਵੱਲੋਂ ਨਵੰਬਰ 2025 ਦਾ ਵੀਜ਼ਾ ਬੁਲੇਟਿਨ ਜਾਰੀ ਕਰ ਦਿੱਤਾ ਗਿਆ ਹੈ। ਇਸ ਮਹੀਨੇ 'ਚ ਮਾਮੂਲੀ ਹਿਲਜੁਲ ਦੇਖਣ ਨੂੰ ਮਿਲੀ ਹੈ।

ਫਾਈਨਲ ਐਕਸ਼ਨ ਡੇਟ ਵਿਚ F-1 ਕੈਟਾਗਰੀ 'ਚ ਆਉਂਦੇ ਅਮਰੀਕਨ ਸਿਟੀਜ਼ਨ ਦੇ 21 ਸਾਲ ਤੋਂ ਘੱਟ ਉਮਰ ਦੇ ਅਣਵਿਆਹੇ ਬੱਚੇ, ਉਨ੍ਹਾਂ ਦੀ ਸਮਾਂ ਸੂਚੀ 8 ਨਵੰਬਰ, 2016 ਚੱਲ ਰਹੀ ਹੈ।




ਗਰੀਨ ਕਾਰਡ ਹੋਲਡਰ ਪਤੀ-ਪਤਨੀ ਦੇ 21 ਸਾਲ ਤੋਂ ਘੱਟ ਬੱਚੇ, ਜਿਹੜੇ ਕਿ F-2A ਕੈਟਾਗਰੀ 'ਚ ਆਉਂਦੇ ਹਨ, ਉਨ੍ਹਾਂ ਦੀ ਤਰੀਕ 1 ਫਰਵਰੀ, 2024 ਹੈ।

ਗਰੀਨ ਕਾਰਡ ਹੋਲਡਰ ਵੱਲੋਂ ਅਪਲਾਈ ਕੀਤੇ 21 ਸਾਲ ਤੋਂ ਵੱਧ ਉਮਰ ਦੇ ਬੱਚੇ, ਜੋ ਕਿ F-2B ਕੈਟਾਗਰੀ ਨਾਲ ਸੰਬੰਧਤ ਹਨ, ਅਰਜ਼ੀਕਾਰਾਂ ਦੀ ਉਡੀਕ ਮਿਤੀ ਇਸ ਵੇਲੇ 1 ਦਸੰਬਰ, 2016 ਪਹੁੰਚ ਗਈ ਹੈ।

ਯੂ.ਐੱਸ. ਸਿਟੀਜ਼ਨ ਦੇ ਵਿਆਹੇ ਹੋਏ ਬੱਚੇ ਤੇ ਉਨ੍ਹਾਂ ਦੇ ਅੱਗਿਓਂ ਛੋਟੇ ਬੱਚੇ ਯਾਨੀ ਕਿ F-3 ਕੈਟਾਗਰੀ ਲਈ ਜਿਨ੍ਹਾਂ ਨੇ ਅਪਲਾਈ ਕੀਤਾ ਹੈ, ਉਨ੍ਹਾਂ ਦੀ ਤਰੀਕ 8 ਸਤੰਬਰ, 2011 ਚੱਲ ਰਹੀ ਹੈ।

ਅਮਰੀਕਾ ਦੇ ਜਿਹੜੇ ਸਿਟੀਜ਼ਨ ਨਾਗਰਿਕਾਂ ਵੱਲੋਂ ਭਾਰਤ 'ਚ ਰਹਿ ਰਹੇ ਆਪਣੇ ਭੈਣਾਂ-ਭਰਾਵਾਂ ਨੂੰ F-4 ਕੈਟਾਗਰੀ ਲਈ ਅਪਲਾਈ ਕੀਤਾ ਹੈ, ਅਤੇ ਭੈਣ-ਭਰਾਵਾਂ ਅਤੇ ਉਨ੍ਹਾਂ ਦੇ ਬੱਚੇ ਜਿਹੜੇ 21 ਸਾਲ ਤੋਂ ਘੱਟ ਹਨ, ਉਨ੍ਹਾਂ ਲਈ ਤਰੀਕ 1 ਨਵੰਬਰ, 2006 ਚੱਲ ਰਹੀ ਹੈ।

ਪਰਿਵਾਰਕ ਸਪਾਂਸਰਡ ਵੀਜ਼ਾ ਅਰਜ਼ੀਆਂ ਭਰਨ ਦੀਆਂ ਤਾਰੀਖਾਂ ਲਈ ਨਵੰਬਰ ਵੀਜ਼ਾ ਬੁਲੇਟਿਨ ਦੀਆਂ ਤਰੀਕਾਂ ਇਸ ਤਰ੍ਹਾਂ ਹਨ :

F-4 ਕੈਟਾਗਰੀ ਲਈ 15 ਦਸੰਬਰ, 2006, F-3 ਕੈਟਾਗਰੀ ਲਈ 22 ਜੁਲਾਈ, 2012, F-2B ਕੈਟਾਗਰੀ ਲਈ 8 ਮਾਰਚ, 2017, F-2A ਕੈਟਾਗਰੀ ਲਈ 22 ਅਕਤੂਬਰ 2025 ਅਤੇ F-1 ਕੈਟਾਗਰੀ ਲਈ 1 ਸਤੰਬਰ 2017 ਵਾਲਿਆਂ ਕੋਲੋਂ ਸਪੋਰਟਿੰਗ ਪੇਪਰ ਮੰਗਵਾਏ ਜਾ ਰਹੇ ਹਨ।

ਐਵੇਂ ਤਾਂ ਨੀ ਸਿਰਾਂ ਦੇ ਉੱਤੇ ਤਾਜ ਸਜ਼ਦੇ, ਮਿਹਨਤਾਂ ਹੀ, ਜ਼ਿੰਦਗੀ ਚ ਰੰਗ ਲਾਉਂਦੀਆਂ।
ਸੁੱਤਿਆਂ ਦੇ ਸਿਰਾਂ ਤੇ ਨੀ ਤਾਜ ਸਜ਼ਦੇ, ਮਿਹਨਤਾਂ ਹੀ, ਜ਼ਿੰਦਗੀ ਚ ਰੰਗ ਲਾਉਂਦੀਆਂ।
ਜਿਹਨਾਂ ਦਿਆਂ ਸਿਰਾਂ ਤੇ ਜਨੂੰਨ ਬੋਲਦਾ, ਰਾਤਾਂ ਨੂੰ ਨਾਂ, ਉਹਨਾਂ ਨੂੰ ਨੀਂਦਾਂ ਆਉਂਦੀਆਂ।

# ਮੈਂ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਨੂੰ ਸਜ਼ਾ ਦਿਵਾ ਕੇ ਰਹਾਂਗਾ : ਅਕਾਸ਼ ਬੱਤਾ

## ਜੇ ਇਹ ਨਾ ਫੜਿਆ ਜਾਂਦਾ ਤਾਂ ਪਤਾ ਨਹੀਂ ਇਸ ਨੇ ਕਿੰਨੇ ਲੋਕਾਂ ਤੋਂ ਲੈਣੀ ਸੀ ਰਿਸ਼ਵਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਅਕਤੂਬਰ
INTERNATIONAL PAPER, 94636 01616
hardipchumber57@gmail.com

ਚੰਡੀਗੜ੍ਹ : ਬੀਤੇ ਦਿਨੀਂ ਰਿਸ਼ਵਤ ਲੈਣ ਦੇ ਮਾਮਲੇ ਵਿਚ ਸੀ.ਬੀ.ਆਈ. ਵੱਲੋਂ ਰੋਪੜ ਰੇਂਜ ਦੇ ਡੀ.ਆਈ. ਜੀ. ਹਰਚਰਨ ਸਿੰਘ ਭੁੱਲਰ ਨੂੰ ਗ੍ਰਿਫ਼ਤਾਰ ਕੀਤਾ ਗਿਆ। ਗ੍ਰਿਫਤਾਰੀ ਤੋਂ ਬਾਅਦ ਉਨ੍ਹਾਂ ਦੇ ਘਰੋਂ ਸੀ.ਬੀ.ਆਈ. ਨੇ ਬੈਗਾਂ 'ਚ ਭਰੇ 7 ਕਰੋੜ ਰੁਪਏ ਨਕਦ, 2 ਕਿਲੋਗ੍ਰਾਮ ਸੋਨਾ, ਲਗਜ਼ਰੀ ਕਾਰਾਂ, 20 ਲਗਜ਼ਰੀ ਘੜੀਆਂ ਸਮੇਤ ਬਹੁਤ ਕੁੱਝ ਬਰਾਮਦ ਕੀਤਾ ਗਿਆ। ਇਸ ਸਾਰੇ ਘਟਨਾਕ੍ਰਮ ਨੂੰ ਲੁਧਿਆਣਾ ਵਾਸੀ ਅਕਾਸ਼ ਬੱਤਾ ਵੱਲੋਂ ਅੰਜ਼ਾਮ ਦਿੱਤਾ ਗਿਆ। ਜਦੋਂ ਅਕਾਸ਼ ਬੱਤਾ ਸਕਿਓਰਿਟੀ ਲੈਣ ਲਈ ਪੰਜਾਬ-ਹਰਿਆਣਾ ਹਾਈ ਕੋਰਟ ਪਹੁੰਚਿਆ ਤਾਂ ਰੋਜ਼ਾਨਾ ਸਪੋਕਸਮੈਨ ਦੇ ਪੱਤਰਕਾਰ ਸੁਮੀਤ ਵੱਲੋਂ ਉਨ੍ਹਾਂ ਨਾਲ ਗੱਲਬਾਤ ਕੀਤੀ ਗਈ। ਇਸ ਸਾਰੀ ਗੱਲਬਾਤ ਦੇ ਕੁੱਝ ਅੰਸ਼ ਅਸੀਂ ਰੋਜ਼ਾਨਾ ਸਪੋਕਸਮੈਨ ਦੇ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ।

ਸਵਾਲ : ਇਹ ਸਾਡਾ ਘਟਨਾਕ੍ਰਮ ਕਿਵੇਂ ਬਣਿਆ ਕਿ ਤੁਸੀਂ ਡੀ.ਆਈ.ਜੀ. ਦੇ ਖਿਲਾਫ਼ ਖੜ੍ਹੇ ਹੋ ਗਏ?

ਜਵਾਬ : ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਦੇ ਖਿਲਾਫ਼ ਮੈਂ ਖੜ੍ਹਾ ਨਹੀਂ ਹੋਇਆ ਬਲਕਿ ਡੀ.ਆਈ.ਜੀ. ਮੇਰੇ ਖਿਲਾਫ਼ ਖੜ੍ਹਾ ਹੋਇਆ। ਉਹ ਮੈਨੂੰ ਝੂਠੀਆਂ ਧਮਕੀਆਂ ਦਿੰਦਾ ਸੀ ਕਿ ਮੈਨੂੰ ਆ ਕੇ ਮਿਲੋ ਨਹੀਂ ਤਾਂ ਮੈਂ ਤੁਹਾਡੇ ਖਿਲਾਫ਼ ਝੂਠੇ ਮੁਕੱਦਮੇ ਦਰਜ ਕਰ ਦਿਆਂਗਾ। ਮੈਂ ਤੁਹਾਡੇ ਪੁਰਾਣੇ ਮੁਕੱਦਮੇ 'ਚ ਤੁਹਾਡੇ ਖਿਲਾਫ਼ ਚਲਾਨ ਪੇਸ਼ ਕਰ ਦਿਆਂਗਾ। ਜਦੋਂ ਮੈਨੂੰ ਪਤਾ ਲੱਗਿਆ ਕਿ ਮੇਰੇ ਕੋਲ ਕੋਈ ਰਸਤਾ ਨਹੀਂ ਬਚਿਆ ਤਾਂ ਮੈਂ ਸੀ.ਬੀ.ਆਈ. ਕੋਲ ਗਿਆ। ਸੀ.ਬੀ.ਆਈ. ਨੇ ਪੂਰੀ ਜਾਂਚ ਪੜਤਾਲ ਕਰਨ ਤੋਂ ਬਾਅਦ ਹਰਚਰਨ ਸਿੰਘ ਭੁੱਲਰ ਖਿਲਾਫ਼ ਇਹ ਕਾਰਵਾਈ ਕੀਤੀ।

ਸਵਾਲ : ਤੁਹਾਡੇ ਨਾਲ ਬਲੈਕਮੇÇਲੰਗ ਦਾ ਕੰਮ ਕਿਵੇਂ ਸ਼ੁਰੂ ਹੋਇਆ?

ਜਵਾਬ : ਭੁੱਲਰ ਦਾ ਕਿਰਸ਼ਾਨੂੰ ਨਾਂ ਦਾ ਇਕ ਬਰੋਕਰ ਹੈ, ਜੋ ਆ ਕੇ ਮੈਨੂੰ ਮਿਲਿਆ ਅਤੇ ਮੈਨੂੰ ਕਹਿੰਦਾ ਕਿ ਮੈਨੂੰ ਡੀ.ਆਈ.ਜੀ. ਦਾ ਮੈਸਜ ਆਇਆ ਹੈ ਕਿ ਤੁਹਾਡਾ ਕਾਰੋਬਾਰ ਵਧੀਆ ਚਲਦਾ ਹੈ। ਮੈਨੂੰ ਲਗਦਾ ਹੈ ਕਿ ਸਾਨੂੰ ਡੀ.ਆਈ.ਜੀ. ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਮੈਂ ਕਿਹਾ ਕਿ ਚਲੋ ਦੀਵਾਲੀ, ਦੁਸ਼ਹਿਰਾ 'ਤੇ ਜੋ ਚਲਦਾ ਹੈ ਅਸੀਂ ਕਰ ਦਿਆਂਗਾ। ਇਸ ਤੋਂ ਬਾਅਦ ਮੈਨੂੰ ਫ਼ੋਨ ਆਇਆ ਕਿ ਤੁਸੀਂ ਸਾਨੂੰ ਪਿਛਲੇ ਮਹੀਨੇ ਦਾ ਬਕਾਇਆ ਵੀ ਨਹੀਂ ਦਿੱਤਾ,ਜਦੋਂ ਮੈਂ ਕਿਹਾ ਕਿ ਮੈਂ ਕਿਹੜਾ ਤੁਹਾਡੇ ਨਾਲ ਵਾਅਦਾ ਕੀਤਾ ਸੀ ਕਿ ਮੈਂ ਤੁਹਾਨੂੰ ਹਰ ਮਹੀਨੇ ਕੁੱਝ ਪੈਸੇ ਅਦਾ ਕਰਾਂਗਾ। ਇਸ ਤੋਂ ਬਾਅਦ ਉਸ ਨੇ ਮੈਨੂੰ ਧਮਕੀ ਦਿੱਤੀ ਕਿ ਡੀ.ਆਈ. ਜੀ. ਕਹਿੰਦੇ ਹਨ ਕਿ ਚਲੋਂ ਅਸੀਂ ਦੇਖ ਲਵਾਂਗੇ।

ਸਵਾਲ : ਤੁਹਾਨੂੰ ਡਰ ਨਹੀਂ ਲੱਗਿਆ ਇਕ ਡੀ.ਆਈ.ਜੀ. ਨਾਲ ਪੰਗਾ ਲੈਣ ਲੱਗਿਆਂ।

ਜਵਾਬ : ਇਸ ਵਾਰ ਮੈਂ ਸੋਚ ਲਿਆ ਸੀ ਕਿ ਹਰ ਰੋਜ ਦੀ ਮੌਤ ਮਰਨ ਨਾਲੋਂ ਇਕ ਦਿਨ ਮਰ ਜਾਣਾ ਚੰਗਾ ਹੈ। ਮੈਂ ਸੋਚਿਆ ਕਿ ਦੇਖ ਲਵਾਂਗੇ ਇਹ ਕਿੱਡਾ ਕੁ ਬਦਮਾਸ਼ ਹੈ। ਇਹ ਕੋਈ ਬਦਮਾਸ਼ ਨਹੀਂ ਸੀ ਸਗੋਂ ਅਸੀਂ ਇਸ ਦੀ ਵਰਦੀ ਦੀ ਇੱਜ਼ਤ ਕਰਦੇ ਸਾਂ। ਜਦੋਂ ਭੁੱਲਰ ਨੂੰ ਸੀ.ਬੀ.ਆਈ. ਨੂੰ ਫੜਿਆ ਤਾਂ ਇਹ ਸਿਰ ਤੋਂ ਲੈ ਕੇ ਪੈਰਾਂ ਤੱਕ ਕੰਬ ਰਿਹਾ ਸੀ।

ਸਵਾਲ : ਡੀ.ਆਈ. ਜੀ. ਨੇ ਕਿੰਨੇ ਪੈਸੇ ਮੰਗੇ ਸਨ?

ਜਵਾਬ : ਇਸ ਨੇ ਮੇਰੇ ਕੋਲੋਂ 8 ਲੱਖ ਰੁਪਏ ਮੰਗੇ ਸਨ। ਇਸ ਦੇ ਨਾਲ ਹੀ ਕਿਹਾ ਸੀ ਕਿ ਜਿੰਨੇ ਪੈਸੇ ਮਿਲਦੇ ਹਨ ਉਹ ਇਸ ਤੋਂ ਲੈ ਲਵੇ, ਬਾਕੀ ਅਸੀਂ ਇਸ ਤੋਂ 8 ਲੱਖ ਰੁਪਏ ਪੂਰੇ ਵਸੂਲਣੇ ਹਨ। ਇਸ ਨੂੰ ਮੈਨੂੰ ਪਹਿਲੀ ਕਿਸ਼ਤ 5 ਲੱਖ ਰੁਪਏ ਦੇਣ ਲਈ ਗਿਆ ਸੀ ਅਤੇ ਮੌਕੇ 'ਤੇ ਸੀ.ਬੀ.ਆਈ. ਨੇ ਭੁੱਲਰ ਨੂੰ ਗ੍ਰਿਫ਼ਤਾਰ ਕਰ ਲਿਆ।

ਸਵਾਲ : ਇਸ ਮਾਮਲੇ 'ਚ ਲੰਬੀ ਕਾਨੂੰਨੀ ਲੜਾਈ ਲਈ ਤੁਸੀਂ ਤਿਆਰ ਹੋ?

ਜਵਾਬ : ਮੈਂ ਪ੍ਰਮਾਤਮਾ ਨੂੰ ਹਾਜ਼ਰ ਮੰਨ ਕੇ ਕਹਿੰਦਾ ਹਾਂ ਕਿ ਮੈਂ ਭੁੱਲਰ ਨੂੰ ਸਜ਼ਾ ਕਰਵਾ ਕੇ ਰਹਾਂਗਾ। ਜੇ ਮੈਂ ਇਸ ਨੂੰ ਸਜ਼ਾ ਨਾ ਕਰਵਾਈ ਤਾਂ ਮੈਂ ਜਿਊਣਾ ਛੱਡ ਦਿਆਂਗਾ ਪਰ ਮੈਂ ਇਸ ਨੂੰ ਹੁਣ ਬਖਸ਼ਾਂਗਾ ਨਹੀਂ। ਕਿਉਂਕਿ ਇਸ ਨੇ ਬਹੁਤ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਹੋਇਆ। ਤੁਸੀਂ ਇਸ ਦੇ ਘਰੋਂ



7 ਕਰੋੜ ਰੁਪਏ ਬਰਾਮਦ ਹੋਏ ਹਨ ਇਹ ਸਾਰਾ ਕੁੱਝ ਤਨਖਾਹ ਨਹੀਂ ਬਣਾਇਆ ਗਿਆ, ਸਗੋਂ ਠੱਗੀਆਂ ਮਾਰ ਕੇ ਬਣਾਇਆ ਹੈ। ਮੈਂ ਲੱਖਾਂ ਰੁਪਏ ਦਾ ਬਿਜ਼ਨਸ ਕਰਦਾ ਹਾਂ ਮੇਰੇ ਘਰੋਂ ਇੰਨੇ ਪੈਸੇ ਨਹੀਂ ਮਿਲਨੇ, ਜਿੰਨੇ ਇਸ ਦੇ ਘਰੋਂ ਬਰਾਮਦ ਹੋਏ ਹਨ।

ਸਵਾਲ : ਤੁਹਾਨੂੰ ਪੂਰੀ ਸੰਤੁਸ਼ਟੀ ਹੈ ਕਿ ਤੁਸੀਂ ਕੋਈ ਗਲਤ ਕਦਮ ਤਾਂ ਨਹੀਂ ਚੁੱਕਿਆ?

ਜਵਾਬ : ਮੈਨੂੰ ਬਹੁਤ ਸੰਤੁਸ਼ਟੀ ਹੈ ਅਤੇ ਮੈਨੂੰ ਰਾਤ ਬਹੁਤ ਵਧੀਆ ਨੀਂਦ ਆਈ। ਜਦੋਂ ਮੈਂ ਰਾਤੀਂ ਆਪਣਾ ਫ਼ੋਨ ਦੇਖ ਰਿਹਾ ਸੀ ਤਾਂ ਲੋਕ ਲਿਖ ਰਹੇ ਸਨ ਕਿ ਸਾਡੇ ਸਾਰਿਆਂ ਦਾ ਬਦਲਾ ਲਿਆ ਗਿਆ ਹੈ। ਕਿਉਂਕਿ ਜਿਹੜੇ ਲੋਕ ਡੀ.ਆਈ. ਜੀ. ਹਰਚਰਨ ਸਿੰਘ ਭੁੱਲਰ ਦੀਆਂ ਕਰਤੂਤਾਂ ਤੋਂ ਪ੍ਰੇਸ਼ਾਨ ਅਤੇ ਕਿਸੇ ਕਾਰਨ ਕਰਕੇ ਉਹ ਡੀ.ਆਈ. ਜੀ. ਦੇ ਖਿਲਾਫ਼ ਨਹੀਂ ਬੋਲ ਸਕੇ ਸਨ ਉਹ ਲੋਕ ਸਾਰੇ ਕਹਿ ਰਹੇ ਹਨ ਕਿ ਇਹ ਬਹੁਤ ਵਧੀਆ ਕੰਮ ਹੋਇਆ। ਅਕਾਸ਼ ਨੇ ਕਿਹਾ ਕਿ ਜੇਕਰ ਇਹ ਵਿਅਕਤੀ ਨਾ ਫੜਿਆ ਜਾਂਦਾ ਇਸ ਬੰਦੇ ਨੇ ਦੀਵਾਲੀ ਮੌਕੇ ਪਤਾ ਨਹੀਂ ਕਿੰਨੇ ਕੁ ਲੋਕਾਂ ਦਾ ਰਿਸ਼ਵਤ ਦੇ ਰੂਪ ਵਿਚ ਘਾਣ ਕਰਨਾ ਸੀ।


# ਯੂਕਰੇਨ ਨੇ ਰੂਸ ਦੇ ਵੱਡੇ ਗੈਸ ਪਲਾਂਟ 'ਤੇ ਡਰੋਨ ਕੀਤਾ ਹਮਲਾ

## ਡਰੋਨ ਹਮਲਿਆਂ ਕਾਰਨ ਪਲਾਂਟ ਦੀ ਇੱਕ ਵਰਕਸ਼ਾਪ ਵਿੱਚ ਅੱਗ ਲੱਗ ਗਈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਅਕਤੂਬਰ
INTERNATIONAL PAPER, 94636 01616
hardipchumber57@gmail.com

ਕੀਵ: ਯੂਕਰੇਨ ਨੇ ਸ਼ਨੀਵਾਰ ਰਾਤ ਨੂੰ ਦੱਖਣੀ ਰੂਸ ਵਿੱਚ ਇੱਕ ਵੱਡੇ ਗੈਸ ਪ੍ਰੋਸੈਸਿੰਗ ਪਲਾਂਟ 'ਤੇ ਡਰੋਨ ਹਮਲਾ ਕੀਤਾ, ਜਿਸ ਕਾਰਨ ਅੱਗ ਲੱਗ ਗਈ, ਸਥਾਨਕ ਗਵਰਨਰ ਨੇ ਕਿਹਾ।

ਰਿਪੋਰਟਾਂ ਦੇ ਅਨੁਸਾਰ, ਸਰਕਾਰੀ ਗੈਸ ਕੰਪਨੀ ਗੈਜ਼ਪ੍ਰੋਮ ਦੁਆਰਾ ਸੰਚਾਲਿਤ ਓਰੇਨਬਰਗ ਪਲਾਂਟ, ਕਜ਼ਾਖ ਸਰਹੱਦ ਦੇ ਨੇੜੇ ਉਸੇ ਨਾਮ



ਦੇ ਖੇਤਰ ਵਿੱਚ ਸਥਿਤ ਹੈ। ਇਹ ਇੱਕ ਉਤਪਾਦਨ ਅਤੇ ਪ੍ਰੋਸੈਸਿੰਗ ਕੰਪਲੈਕਸ ਦਾ ਹਿੱਸਾ ਹੈ ਜੋ ਆਪਣੀ ਕਿਸਮ ਦੀਆਂ ਦੁਨੀਆ ਦੀਆਂ ਸਭ ਤੋਂ ਵੱਡੀਆਂ ਸਹੂਲਤਾਂ ਵਿੱਚੋਂ ਇੱਕ ਹੈ, ਜਿਸਦੀ ਸਾਲਾਨਾ ਸਮਰੱਥਾ 45 ਬਿਲੀਅਨ ਘਣ ਮੀਟਰ ਹੈ।

ਖੇਤਰੀ ਗਵਰਨਰ ਯੇਵਗੇਨੀ ਸੋਲਨਸੇਵ ਦੇ ਅਨੁਸਾਰ, ਡਰੋਨ ਹਮਲਿਆਂ ਕਾਰਨ ਪਲਾਂਟ ਦੀ ਇੱਕ ਵਰਕਸ਼ਾਪ ਵਿੱਚ ਅੱਗ ਲੱਗ ਗਈ ਅਤੇ ਇਸਦੇ ਇੱਕ ਹਿੱਸੇ ਨੂੰ ਨੁਕਸਾਨ ਪਹੁੰਚਿਆ। ਸੋਲਨਸੇਵ ਨੇ ਕਿਹਾ ਕਿ ਕੋਈ ਜਾਨੀ ਨੁਕਸਾਨ ਨਹੀਂ ਹੋਇਆ।

ਰੂਸੀ ਰੱਖਿਆ ਮੰਤਰਾਲੇ ਨੇ ਐਤਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਕਿ ਉਸਦੇ ਹਵਾਈ ਰੱਖਿਆ ਬਲਾਂ ਨੇ ਰਾਤੋ ਰਾਤ ਯੂਕਰੇਨ ਦੁਆਰਾ ਚਲਾਈਆਂ ਗਈਆਂ 45 ਡਰੋਨਾਂ ਨੂੰ ਗੋਲੀ ਮਾਰ ਦਿੱਤੀ, ਜਿਸ ਵਿੱਚ ਇੱਕ ਓਰੇਨਬਰਗ ਖੇਤਰ ਵਿੱਚ ਅਤੇ ਕੁੱਲ 23 ਗੁਆਂਢੀ ਸਮਾਰਾ ਅਤੇ ਸਾਰਾਤੋਵ ਖੇਤਰਾਂ ਵਿੱਚ ਸ਼ਾਮਲ ਹਨ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 19 ਅਕਤੂਬਰ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਇਸ ਦੇਸ਼ ਦੀ ਕੋਈ ਵੀ ਸਿਆਸੀ ਪਾਰਟੀ ਸਾਡੀ ਆਜ਼ਾਦੀ ਦੀ ਲੜਾਈ ਦਾ ਸਮਰਥਨ ਨਹੀਂ ਕਰਦੀ...

ਪੂਨਾ ਸ਼ਹਿਰ ਦੇ ਅਹਿਲਿਆ ਆਸ਼ਰਮ ਵਿੱਚ 21 ਜੁਲਾਈ 1946 ਨੂੰ ਦੁਪਹਿਰ 3.30 ਵਜੇ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਔਰਤਾਂ ਅਤੇ ਮਰਦਾਂ ਦੀ ਭਾਰੀ ਭੀੜ ਨੂੰ ਸੰਬੋਧਨ ਕਰਦਿਆਂ ਡਾ: ਬਾਬਾ ਸਾਹਿਬ ਅੰਬੇਡਕਰ ਨੇ ਕਿਹਾ-ਭਾਈਓ ਅਤੇ ਭੈਣੋ!



ਸਤਿਆਗ੍ਰਹਿ

ਅੱਜ ਅਸੀਂ ਸਾਰੇ ਇੱਥੇ ਚੱਲ ਰਹੇ ਸੱਤਿਆਗ੍ਰਹਿ ਦੀ ਸੰਖੇਪ ਜਾਣਕਾਰੀ ਲੈਣ ਲਈ ਇਕੱਠੇ ਹੋਏ ਹਾਂ। ਸਾਡੇ ਸੱਤਿਆਗ੍ਰਹਿ ਦੀਆਂ ਖ਼ਬਰਾਂ ਭਾਵੇਂ ਸੰਖੇਪ ਹੋਣ, ਅਖ਼ਬਾਰਾਂ ਵਿੱਚ ਛਪ ਚੁੱਕੀਆਂ ਹਨ। ਪਰ ਤੁਸੀਂ ਦੇਖਿਆ ਹੋਵੇਗਾ ਕਿ ਅਖਬਾਰਾਂ ਨੇ ਜੋ ਕੁਝ ਵੀ ਛਾਪਿਆ ਹੈ, ਉਸ ਵਿੱਚ ਹਮਦਰਦੀ ਜਾਂ ਸਤਿਕਾਰ ਦੀ ਮਾਮੂਲੀ ਜਿਹੀ ਭਾਵਨਾ ਨਹੀਂ ਦਿਖਾਈ ਗਈ ਹੈ। ਉਨ੍ਹਾਂ ਲਿਖਿਆ ਹੈ ਕਿ ਇਸ ਸੱਤਿਆਗ੍ਰਹਿ ਵਿੱਚ ਸਿਰਫ਼ ਮਹਾਰ ਲੋਕ ਹੀ ਸ਼ਾਮਲ ਹਨ ਕਿਉਂਕਿ ਮੈਂ ਸਿਰਫ਼ ਮਹਾਰਾਂ ਦਾ ਆਗੂ ਹਾਂ। ਉਹਨਾਂ ਨੇ ਪ੍ਰਚਾਰ ਕੀਤਾ ਹੈ ਕਿ ਉਸ ਦੇ ਨਾਲ ਹੋਰ ਕੋਈ ਨਹੀਂ ਹੈ। ਇਸ ਤਰ੍ਹਾਂ ਦਾ ਪ੍ਰਚਾਰ ਬੀਤੇ ਦੀ ਗੱਲ ਨਹੀਂ ਹੈ। ਉਹ ਹਮੇਸ਼ਾ ਅਜਿਹਾ ਕਰਦੇ ਆਏ ਹਨ। ਪਤਾ ਲੱਗਾ ਕਿ ਵਿਦੇਸ਼ਾਂ ਵਿਚ ਵੀ ਇਸ ਦਾ ਕੁਝ ਅਸਰ ਪਿਆ ਹੈ। ਕੱਲ੍ਹ ਕਮਿਸ਼ਨ ਦੀ ਤਰਫੋਂ ਸੰਸਦ ਵਿੱਚ ਭਾਸ਼ਣ ਸੀ। ਇਸ ਵਿੱਚ ਕਿਹਾ ਗਿਆ ਹੈ ਕਿ ਮੈਂ ਪੂਰੇ ਭਾਰਤ ਦਾ ਨੇਤਾ ਨਹੀਂ ਹਾਂ। ਮੇਰੇ ਪਿੱਛੇ ਕੇਂਦਰੀ ਸੂਬੇ ਅਤੇ ਮੁੰਬਈ ਦੇ ਕੁਝ ਲੋਕ ਹਨ, ਬੱਸ। ਉਸਦਾ ਬਿਆਨ ਝੂਠਾ, ਹੇਰਾਫੇਰੀ ਅਤੇ ਖਤਰਨਾਕ ਹੈ। ਬੰਗਾਲ ਦੀਆਂ ਹਾਲੀਆ ਚੋਣਾਂ ਉਸ ਦੇ ਬਿਆਨ ਦੇ ਝੂਠ ਨੂੰ ਨੰਗਾ ਕਰਦੀਆਂ ਹਨ।ਮੈਨੂੰ ਭਾਰਤ ਦੇ ਸਮੁੱਚੇ ਅਛੂਤ ਭਾਈਚਾਰੇ ਦਾ ਸਮਰਥਨ ਹੈ। ਬੰਗਾਲ ਦੀਆਂ ਚੋਣਾਂ ਇਸ ਦਾ ਸਬੂਤ ਹੋਣਗੀਆਂ, ਕਿਉਂਕਿ ਬੰਗਾਲ ਵਿੱਚ ਕੋਈ ਮਹਾਰ ਨਹੀਂ ਹੈ। ਬੰਗਾਲ ਵਿੱਚ ਨਮਸੂਦਰਸ ਨਾਮ ਦੀ ਇੱਕ ਜਾਤ ਹੈ, ਇਹਨਾਂ ਨਮਸੂਦਰਾਂ ਨੇ ਮੈਨੂੰ ਚੋਣਾਂ ਵਿੱਚ ਜਿਤਾਇਆ ਹੈ। ਹੁਣ ਮੈਂ ਉਹਨਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਹਾਡੇ ਕਥਨ ਅਨੁਸਾਰ ਜੇਕਰ ਮੈਂ ਭਾਰਤ ਦੇ ਸਾਰੇ ਅਛੂਤਾਂ ਦਾ ਆਗੂ ਨਹੀਂ ਹਾਂ ਤਾਂ ਮੈਂ ਬੰਗਾਲ ਤੋਂ ਚੋਣ ਕਿਵੇਂ ਜਿੱਤਿਆ?

ਅੰਗਰੇਜ਼ਾਂ ਨੇ ਕਈ ਵਾਰ ਐਲਾਨ ਕੀਤਾ ਕਿ ਅਛੂਤ ਭਾਈਚਾਰਾ ਭਾਰਤ ਦਾ ਇੱਕ ਸੁਤੰਤਰ ਭਾਈਚਾਰਾ ਹੈ। ਪਰ ਕੈਬਨਿਟ ਮਿਸ਼ਨ ਵੱਲੋਂ ਕਦੇ ਵੀ ਅਛੂਤ ਭਾਈਚਾਰੇ ਦਾ ਨਾਂ ਨਹੀਂ ਲਿਆ ਗਿਆ। ਉਨ੍ਹਾਂ ਵਿਚ ਅਛੂਤ ਸਮਾਜ ਦਾ ਨਾਂ ਸ਼ਾਮਲ ਨਹੀਂ ਸੀ, ਉਸੇ ਸਮੇਂ ਮੈਂ ਸੰਵਿਧਾਨ ਕਮੇਟੀ ਵਿਚ ਸ਼ਾਮਲ ਹੋਣ ਦਾ ਫੈਸਲਾ ਕੀਤਾ।

ਮੇਰੇ ਲਈ ਅਛੂਤ ਭਾਈਚਾਰੇ ਦੀ ਭਲਾਈ ਲਈ ਸੰਵਿਧਾਨ ਕਮੇਟੀ ਵਿਚ ਸ਼ਾਮਲ ਹੋਣਾ ਬਹੁਤ ਜ਼ਰੂਰੀ ਸੀ। ਕਾਂਗਰਸ ਨੇ ਕਈ ਸਾਜ਼ਿਸ਼ਾਂ ਰਚੀਆਂ ਤਾਂ ਜੋ ਮੈਂ ਸੰਵਿਧਾਨ ਕਮੇਟੀ ਤੱਕ ਨਾ ਪਹੁੰਚ ਸਕਾਂ। ਮਹਾਰਾਸ਼ਟਰ ਦੇ ਬਹੁਤ ਘੱਟ ਲੋਕ ਅੱਗੇ ਵਧੇ ਹਨ ਅਤੇ ਜਿਨ੍ਹਾਂ ਨੇ ਮੈਨੂੰ ਉਨ੍ਹਾਂ ਵਿੱਚ ਸ਼ਾਮਲ ਨਹੀਂ ਕੀਤਾ, ਉਨ੍ਹਾਂ ਨੂੰ ਹੀ ਮੂਰਖ ਕਿਹਾ ਜਾ ਸਕਦਾ ਹੈ। ਕਾਂਗਰਸ ਨੇ ਮਿਸਟਰ ਜੈਕਰ ਨੂੰ ਪੱਤਰ ਭੇਜ ਕੇ ਸੰਵਿਧਾਨ ਕਮੇਟੀ ਦੀਆਂ ਚੋਣਾਂ ਲੜਨ ਲਈ ਕਿਹਾ ਹੈ। ਮਿਸਟਰ ਮੁਨਸ਼ੀ ਨੂੰ ਬੁਲਾਇਆ ਗਿਆ ਅਤੇ ਹੋਰ ਬਹੁਤ ਸਾਰੇ ਲੋਕਾਂ ਨੂੰ ਬੁਲਾਇਆ ਗਿਆ। ਅਸਲ ਵਿਚ ਇੰਨੇ ਵਿਆਹਾਂ ਵਿਚ ਉਸ ਨੂੰ ਮੇਰੇ 'ਤੇ ਵੀ ਸੰਧੂਰ ਲਾਉਣਾ ਚਾਹੀਦਾ ਸੀ, ਪਰ ਉਸ ਦੀ ਇਕ ਹੀ ਕੋਸ਼ਿਸ਼ ਸੀ ਕਿ ਮੈਨੂੰ ਵਿਧਵਾ ਬਣਾਇਆ ਜਾਵੇ। ਇਸ ਲਈ ਉਸ ਨੇ ਬਹੁਤ ਕੋਸ਼ਿਸ਼ ਕੀਤੀ। ਇਸੇ ਲਈ ਮੈਂ ਮੁੰਬਈ ਛੱਡ ਕੇ ਬੰਗਾਲ ਚਲਾ ਗਿਆ ਤਾਂ ਜੋ ਖੁਸ਼ੀ ਨਾਲ ਰਹਿਣ। ਮੇਰੇ ਦੁਸ਼ਮਣਾਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਮੈਂ ਮਹਾਰ ਜਾਤੀ ਦਾ ਵਿਅਕਤੀ ਨਾ ਹੋਣ ਦੇ ਬਾਵਜੂਦ ਉੱਥੋਂ ਚੋਣ ਜਿੱਤੀ ਸੀ।

ਕਿਹਾ ਜਾਂਦਾ ਹੈ ਕਿ ਇਸ ਸੱਤਿਆਗ੍ਰਹਿ ਵਿੱਚ ਸਿਰਫ਼ ਮਹਾਰ ਲੋਕ ਹੀ ਸ਼ਾਮਲ ਹਨ ਜੋ ਕਿ ਸਰਾਸਰ ਝੂਠ ਹੈ। ਗ੍ਰਿਫ਼ਤਾਰ ਕੀਤੇ ਗਏ ਲੋਕਾਂ ਦੇ ਨਾਵਾਂ ਦੀ ਸੂਚੀ ਤੁਹਾਨੂੰ ਪੜ੍ਹ ਕੇ ਸੁਣਾਈ ਗਈ ਹੈ। ਉਸ ਤੋਂ ਤੁਹਾਨੂੰ ਪਤਾ ਲੱਗੇਗਾ ਕਿ ਇਸ ਸੱਤਿਆਗ੍ਰਹਿ ਵਿੱਚ ਮਹਾਰ, ਮਾਂਗ, ਚਮਾਰ ਆਦਿ ਸਾਰੀਆਂ ਜਾਤਾਂ ਦੇ ਲੋਕ ਸ਼ਾਮਲ ਹਨ। ਮੁੰਬਈ ਸੂਬੇ ਵਿਚ ਮਹਾਰ ਜਾਤੀ ਦੇ ਲੋਕਾਂ ਦੀ ਗਿਣਤੀ ਹੋਰ ਜਾਤਾਂ ਦੇ ਲੋਕਾਂ ਦੇ ਮੁਕਾਬਲੇ ਜ਼ਿਆਦਾ ਹੈ। ਇਹ ਸਪੱਸ਼ਟ ਹੈ ਕਿ ਅਛੂਤ ਲੋਕਾਂ ਦੀ ਮੁਕਤੀ ਲਈ ਅੰਦੋਲਨ ਵਿੱਚ ਮਹਾਰ ਜਾਤੀ ਦੇ ਲੋਕ ਵੱਡੀ ਗਿਣਤੀ ਵਿੱਚ ਹਿੱਸਾ ਲੈ ਰਹੇ ਹਨ, ਇਸ ਲਈ ਕਿਸੇ ਨੂੰ ਬੁਰਾ ਮਹਿਸੂਸ ਕਰਨ ਦੀ ਲੋੜ ਨਹੀਂ ਹੈ।

ਜ਼ਿਆਦਾਤਰ ਲੋਕ ਕਿਸੇ ਨਾ ਕਿਸੇ ਲਾਲਚ ਕਾਰਨ ਕਾਂਗਰਸ ਵਿੱਚ ਸ਼ਾਮਲ ਹੋਏ ਹਨ। ਕੋਈ ਚਮੜੇ ਦਾ ਕਾਰੋਬਾਰ ਕਰਨਾ ਚਾਹੁੰਦਾ ਹੈ। ਇਸ ਲਈ ਉਹ ਚਮੜਾ ਲੈਣਾ ਚਾਹੁੰਦਾ ਹੈ, ਕੋਈ ਮੱਖਣ ਦਾ ਵਪਾਰ ਕਰਨਾ ਚਾਹੁੰਦਾ ਹੈ ਇਸੇ ਲਈ ਉਸ ਨੂੰ ਚਿੱਟੇ ਰੰਗ ਦੇ ਪਤਲੇ ਕਾਗਜ਼ ਦੀ ਲੋੜ ਹੈ ਅਤੇ ਇਸੇ ਲਈ ਉਹ ਕਾਂਗਰਸ ਵਿੱਚ ਸ਼ਾਮਲ ਹੋ ਰਹੇ ਹਨ। ਕੁਝ ਠੇਕੇ ਪ੍ਰਾਪਤ ਕਰਨਾ ਚਾਹੁੰਦੇ ਹਨ ਅਤੇ ਕੁਝ ਨੌਕਰੀਆਂ ਪ੍ਰਾਪਤ ਕਰਨਾ ਚਾਹੁੰਦੇ ਹਨ। ਕੋਈ ਵੀ ਆਪਣੇ ਹਿੱਤਾਂ ਲਈ ਸਾਡੇ ਅੰਦੋਲਨ ਵਿੱਚ ਸ਼ਾਮਲ ਨਹੀਂ ਹੋਇਆ। ਸਾਡੇ ਕੋਲ ਕਿਸੇ ਨੂੰ ਦੇਣ ਲਈ ਨੌਕਰੀਆਂ ਨਹੀਂ ਹਨ, ਅਸੀਂ ਕਿਸੇ ਨੂੰ ਠੇਕੇ ਨਹੀਂ ਦੇ ਸਕਦੇ ਅਤੇ ਅਸੀਂ ਮੱਖਣ ਲਈ ਕਿਸੇ ਨੂੰ ਪਤਲਾ ਚਿੱਟਾ ਕਾਗਜ਼ ਵੀ ਨਹੀਂ ਦੇ ਸਕਦੇ ਹਾਂ। (ਲੋਕਾਂ ਵਿੱਚ ਹਾਸੇ ਅਤੇ ਤਾੜੀਆਂ ਦੀ ਆਵਾਜ਼) ਅਸੀਂ ਸਾਰੇ ਆਪਣੀ ਆਜ਼ਾਦੀ ਦੀ ਲੜਾਈ ਵਿੱਚ ਪੂਰੀ ਨਿਰਸਵਾਰਥਤਾ ਨਾਲ ਹਿੱਸਾ ਲੈ ਰਹੇ ਹਾਂ। ਸਾਡੇ ਅੰਦੋਲਨ ਦੀ ਸਫਲਤਾ ਲੋਕਾਂ ਦੀ ਨਿਰਸਵਾਰਥ ਭਾਗੀਦਾਰੀ ਵਿੱਚ ਹੈ।

ਅਜਿਹਾ ਨਹੀਂ ਹੈ ਕਿ ਸਾਡੇ ਸੱਤਿਆਗ੍ਰਹਿ ਦਾ ਕੋਈ ਨਾ-ਮੁਮਕਿਨ, ਬਹੁਤ ਵੱਡਾ ਅਤੇ ਡੂੰਘਾ ਕਾਰਨ ਹੈ। ਤੀਜੀ ਜਮਾਤ ਦਾ ਬੱਚਾ ਵੀ ਇਸ ਦਾ ਮਤਲਬ ਸਮਝ ਸਕਦਾ ਹੈ, ਸਭ ਕੁਝ ਇੰਨਾ ਸਰਲ ਹੈ। ਪਰ ਮੁੰਬਈ ਸੂਬੇ ਦੇ ਮੁੱਖ ਮੰਤਰੀ ਸ. ਵੇਰ ਨੇ ਕਿਹਾ ਹੈ ਕਿ ਉਹ ਇਸ ਦਾ ਮਤਲਬ ਨਹੀਂ ਸਮਝਦਾ। ਖੈਰ, ਪਾਗਲ ਹੋਣ ਦਾ ਦਿਖਾਵਾ ਕਰਨ ਦੀ ਕੋਈ ਲੋੜ ਨਹੀਂ ਹੈ।

ਜਦੋਂ ਪਿਤਾ ਦੀ ਮੌਤ ਹੋ ਜਾਂਦੀ ਹੈ, ਉਹ ਇੱਕ ਵਸੀਅਤ ਲਿਖਦਾ ਹੈ ਕਿ ਉਸਦੀ ਜਾਇਦਾਦ ਕਿਸ ਨੂੰ ਮਿਲਣੀ ਚਾਹੀਦੀ ਹੈ। ਅੰਗਰੇਜ਼ਾਂ ਨੇ ਐਲਾਨ ਕੀਤਾ ਹੈ ਕਿ ਉਹ ਇਸ ਦੇਸ਼ ਨੂੰ ਛੱਡ ਰਹੇ ਹਨ। ਆਪਣੇ ਮਰ ਰਹੇ ਪਿਤਾ ਵਾਂਗ ਉਸ ਨੇ ਵੀ ਆਪਣੀ ਵਸੀਅਤ ਲਿਖਵਾਈ ਹੈ। ਜਿਵੇਂ ਇੱਕ ਪਿਤਾ ਇਹ ਫੈਸਲਾ ਕਰਦਾ ਹੈ ਕਿ ਉਸਦੇ ਬਾਅਦ ਉਸਦੀ ਜਾਇਦਾਦ ਦਾ ਵਾਰਸ ਕੌਣ ਬਣੇਗਾ, ਉਸੇ ਤਰ੍ਹਾਂ ਅੰਗਰੇਜ਼ਾਂ ਨੇ ਵੀ ਇਹ ਫੈਸਲਾ ਕੀਤਾ ਹੈ ਕਿ ਇਸ ਦੇਸ਼ ਦਾ ਵਾਰਸ ਕੌਣ ਬਣੇਗਾ। ਉਸਨੇ ਐਲਾਨ ਕੀਤਾ ਹੈ ਕਿ ਇਸ ਦੇਸ਼ ਦੇ ਅਸਲ ਵਾਰਸ ਦੋ ਹੀ ਹੋਣਗੇ - ਹਿੰਦੂ ਅਤੇ ਮੁਸਲਮਾਨ। ਉਸ ਨੇ ਅਛੂਤਾਂ ਦਾ ਜ਼ਿਕਰ ਤੱਕ ਨਹੀਂ ਕੀਤਾ।

ਅਸੀਂ ਸੋਚਿਆ ਕਿ ਜਦੋਂ ਇਸ ਦੇਸ਼ ਦੇ ਪੁਰਖਿਆਂ ਦੇ ਹੱਕਾਂ ਦਾ ਫੈਸਲਾ ਹੋ ਰਿਹਾ ਸੀ ਇਸ ਲਈ ਅਛੂਤਾਂ ਨੂੰ ਵੀ ਕੁਝ ਮਿਲੇਗਾ। ਅਸੀਂ ਸੋਚਿਆ ਕਿ ਜੇ ਹਿੰਦੂਆਂ ਨੂੰ ਅੱਠਨੀ ਮਿਲ ਜਾਵੇਗੀ ਤਾਂ ਸਾਨੂੰ ਘੱਟ-ਘੱਟ ਚੌਵਨੀ (ਪਾਵਲੀ) ਜ਼ਰੂਰ ਮਿਲਣਗੇ। ਪਰ ਧੋਖੇਬਾਜ਼ ਅਤੇ ਬਹੁਤ ਚਲਾਕ ਅੰਗਰੇਜ਼ਾਂ ਨੇ ਅਛੂਤ ਸਮਾਜ ਨੂੰ ਧੋਖਾ ਦਿੱਤਾ। ਜੇਕਰ ਹਿੰਦੀ ਦੇਸ਼ 'ਤੇ ਖੁਸ਼ੀ ਨਾਲ ਰਾਜ ਕਰਨਾ ਚਾਹੁੰਦੇ ਹਾਂ ਤਾਂ ਹਿੰਦੂਆਂ ਨੂੰ ਸਾਡੇ ਸਵਾਲਾਂ ਦੇ ਜਵਾਬ ਦੇਣੇ ਹੋਣਗੇ। ਹੁਣ ਤੱਕ ਹਿੰਦੂਆਂ ਨੇ ਇਸ ਸਵਾਲ ਦਾ ਜਵਾਬ ਨਹੀਂ ਦਿੱਤਾ ਹੈ। ਇਸ ਕਰਕੇ ਹਿੰਦੂਆਂ ਨਾਲ ਸਾਡੀ ਲੜਾਈ ਹੈ। ਅੰਗਰੇਜ਼ਾਂ ਨਾਲ ਝਗੜਾ ਕਰਨ ਦਾ ਕੋਈ ਫਾਇਦਾ ਨਹੀਂ। ਪੁਰਖਿਆਂ ਦੇ ਹੱਕਾਂ ਲਈ ਮਰੇ ਹੋਏ ਪਿਤਾ ਨਾਲ ਲੜਨਾ ਕਿੱਥੋਂ ਦੀ ਸਿਆਣਪ ਹੈ?

ਸਾਡੀ ਲੜਾਈ ਮੁਸਲਮਾਨਾਂ ਨਾਲ ਨਹੀਂ ਹੈ, ਕਿਉਂਕਿ ਉਹ ਸਾਡਾ ਵਿਰੋਧ ਨਹੀਂ ਕਰਦੇ। ਉਹ ਮੁਸਲਿਮ ਬਹੁਲ ਸੂਬਿਆਂ ਵਿੱਚ ਸਾਡੀਆਂ ਮੰਗਾਂ ਪੂਰੀਆਂ ਕਰਨ ਲਈ ਤਿਆਰ ਹਨ।

ਪਰ ਕਾਂਗਰਸ ਨੂੰ ਸਾਡੇ ਹੱਕਾਂ ਬਾਰੇ ਜਨਤਕ ਐਲਾਨ ਕਰਨਾ ਪਵੇਗਾ।

ਹਿੰਦੂ ਅਤੇ ਮੁਸਲਮਾਨ ਸੱਤਾ ਦੇ ਵਾਰਸ ਬਣ ਗਏ ਹਨ। ਹਿੰਦੂਆਂ ਨੂੰ ਸੱਤਾ ਦਾ ਅਧਿਕਾਰ ਮਿਲ ਗਿਆ ਹੈ। ਉਨ੍ਹਾਂ ਨੂੰ ਸਾਡਾ ਸਿੱਧਾ ਸਵਾਲ ਹੈ ਕਿ ਸਾਨੂੰ ਮਿਲੀ ਤਾਕਤ ਵਿੱਚ ਸਾਡਾ ਕੀ ਹਿੱਸਾ ਹੈ? ਮਿਸਟਰ ਖੇਰ ਦਾ ਕਹਿਣਾ ਹੈ ਕਿ ਉਹ ਇਸ ਸਧਾਰਨ ਅਤੇ ਜਾਇਜ਼ ਸਵਾਲ ਨੂੰ ਸਮਝ ਨਹੀਂ ਪਾ ਰਹੇ ਹਨ, ਉਨ੍ਹਾਂ ਦੀ ਸਮਝ ਨਾ ਆਉਣਾ ਮਹਿਜ਼ ਇੱਕ ਪਾਖੰਡ ਹੈ। ਇਸ ਤਰ੍ਹਾਂ ਬੇਸਮਝ ਹੋ ਕੇ ਕੁਝ ਹਾਸਲ ਨਹੀਂ ਹੋਵੇਗਾ ਹੁਣ ਸਿਰਫ਼ ਖਾਲੀ ਗੱਲਾਂ ਹੀ ਕਾਫ਼ੀ ਨਹੀਂ ਰਹਿਣਗੀਆਂ। ਕਾਂਗਰਸ ਨੂੰ ਸਾਡੀਆਂ ਮੰਗਾਂ ਸਬੰਧੀ ਤੁਰੰਤ ਵਾਈਟ ਪੇਪਰ ਜਾਰੀ ਕਰਨਾ ਹੋਵੇਗਾ। ਜੇਕਰ ਅਜਿਹਾ ਨਾ ਹੋਇਆ ਤਾਂ ਪੂਨੇ ਤੋਂ ਸ਼ੁਰੂ ਹੋਏ ਸੱਤਿਆਗ੍ਰਹਿ ਦੀ ਲਾਟ ਦੇਸ਼ ਭਰ ਵਿਚ ਫੈਲਣ ਵਿਚ ਸਮਾਂ ਨਹੀਂ ਲੱਗੇਗਾ। ਸਾਨੂੰ ਆਪਣੀਆਂ ਮੰਗਾਂ ਦੀ ਪੂਰਤੀ ਲਈ ਸਾਰੇ ਸੂਬਿਆਂ ਵਿੱਚ ਸੰਘਰਸ਼ ਵਿੱਢਣਾ ਪਵੇਗਾ।

ਅੱਜ ਸਾਡੀ ਲੜਾਈ ਅਹਿੰਸਕ ਹੈ। ਅਸੀਂ ਅਹਿੰਸਾ ਦਾ ਕਾਰਗਰ ਹਥਿਆਰ ਅਪਣਾਇਆ ਹੈ। ਅਹਿੰਸਾ ਬਾਰੇ ਗਾਂਧੀ ਦੀ ਆਪਣੀ ਵਿਆਖਿਆ ਹੈ, ਪਰ ਮੇਰੀ ਵਿਆਖਿਆ ਗਾਂਧੀ ਨਾਲੋਂ ਬਿਲਕੁਲ ਵੱਖਰੀ ਹੈ। ਅਹਿੰਸਾ ਦੀ ਮੇਰੀ ਵਿਆਖਿਆ ਉਹੀ ਹੈ ਜੋ ਤੁਕਾਰਾਮਬੁਵਾ ਦੀ ਹੈ।

ਤੁਕਾਰਾਮ ਦੀ ਵਿਆਖਿਆ ਅਨੁਸਾਰ- (ਮਰਾਠੀ ਭਾਸ਼ਾ ਵਿੱਚ ਹੈ (ਦਯਾ ਤਿਕੇ ਨਾਵ, ਭੂਤੰਚੇ ਪਾਲਨ। ਅਨੇਕ ਨਿਰਦਲਾਂ ਕੰਤਕਾਂਚੇ।) ਭਾਵ ਜੀਵਾਂ ਉੱਤੇ ਦਇਆ ਕਰੋ ਪਰ ਦੁਸ਼ਟਾਂ ਦਾ ਵੀ ਦਮਨ ਕਰੋ। ਮੈਂ ਵੀ ਇਹ ਸਹੀ ਸਮਝਦਾ ਹਾਂ। ਇਸ ਵਿਆਖਿਆ ਨੂੰ ਮੰਨਦਿਆਂ ਅਸੀਂ। ਅਹਿੰਸਕ ਸੱਤਿਆਗ੍ਰਹਿ ਕਰਨਗੇ ਅਤੇ ਕੰਡੇ ਵੀ ਖ਼ਤਮ ਕਰਨਗੇ।

ਸਾਡੇ ਸੱਤਿਆਗ੍ਰਹਿ ਦਾ ਅੱਜ ਭਾਵੇਂ ਉਨ੍ਹਾਂ 'ਤੇ ਕੋਈ ਅਸਰ ਨਾ ਪਿਆ ਹੋਵੇ ਪਰ ਕੁਝ ਸਮੇਂ ਬਾਅਦ ਉਨ੍ਹਾਂ ਦੀਆਂ ਧੌਣਾਂ ਸਾਡੇ ਅੱਗੇ ਝੁਕਣ ਵਾਲੀਆਂ ਹਨ। ਉਨ੍ਹਾਂ ਨੂੰ ਵੱਖਰੇ ਹਲਕਿਆਂ ਦੀ ਸਾਡੀ ਮੰਗ ਮੰਨਣੀ ਪਵੇਗੀ।

ਵੱਖਰੇ ਹਲਕਿਆਂ ਦੀ ਸਾਡੀ ਮੰਗ ਕਾਂਗਰਸ ਦੇ ਮਨਾਂ ਵਿੱਚ ਡਰ ਦੀ ਲਹਿਰ ਪੈਦਾ ਕਰਦੀ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਜੇਕਰ ਸਾਨੂੰ ਵੱਖਰੇ ਹਲਕੇ ਮਿਲਦੇ ਹਨ ਤਾਂ ਦੇਸ਼ ਦਾ ਵੱਡਾ ਨੁਕਸਾਨ ਹੋਵੇਗਾ। ਪਰ ਉਨ੍ਹਾਂ ਨੂੰ ਇਸ ਤਰ੍ਹਾਂ ਡਰਨ ਦੀ ਕੋਈ ਲੋੜ ਨਹੀਂ ਹੈ। ਵੱਖਰੇ ਹਲਕਿਆਂ ਨਾਲ ਕਿਸੇ ਦਾ ਨੁਕਸਾਨ ਨਹੀਂ ਹੋਣ ਵਾਲਾ। ਸਿੱਖਾਂ ਨੂੰ ਇੱਕ ਵੱਖਰਾ ਹਲਕਾ ਦਿੱਤਾ ਗਿਆ ਹੈ ਅਤੇ ਇਸ ਕਾਰਨ ਦੇਸ਼ ਵਿੱਚ ਫੁੱਟ ਨਹੀਂ ਪਾਈ ਗਈ।

ਜਿਨਾਹ 1934 ਤੱਕ ਕਾਂਗਰਸ ਵਿੱਚ ਸਨ। ਜਦੋਂ ਉਹ ਕਾਂਗਰਸ ਵਿਚ ਸੀ ਤਾਂ ਕਾਂਗਰਸੀ ਉਸ ਨੂੰ ਰੱਬ ਵਾਂਗ ਪੂਜਦੇ ਸਨ। ਉਨ੍ਹਾਂ ਦੀ ਦੇਸ਼ ਭਗਤੀ ਦੀ ਯਾਦਗਾਰ ਵਜੋਂ ਕਾਂਗਰਸ ਨੇ ਮੁੰਬਈ ਵਿੱਚ 'ਜਿਨਾਹ ਹਾਲ' ਨਾਂ ਦੀ ਇਮਾਰਤ ਬਣਾਈ ਸੀ। ਕਿਸੇ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਜਿਨਾਹ ਨੇ ਹਮੇਸ਼ਾ ਵੱਖ-ਵੱਖ ਹਲਕਿਆਂ ਤੋਂ ਚੋਣਾਂ ਜਿੱਤੀਆਂ ਹਨ। ਜੇ ਜਿਨਾਹ ਦੇ ਵੱਖਰੇ ਹਲਕੇ ਕਾਰਨ ਦੇਸ਼ ਦਾ ਕੋਈ ਨੁਕਸਾਨ ਨਹੀਂ ਹੋਇਆ ਤਾਂ ਇਹ ਕਹਿਣ ਦੀ ਕੋਈ ਤੁਕ ਨਹੀਂ ਕਿ ਅਛੂਤਾਂ ਨੂੰ ਵੱਖਰਾ ਹਲਕਾ ਦੇਣ ਨਾਲ ਦੇਸ਼ ਦਾ ਬਹੁਤ ਨੁਕਸਾਨ ਹੋਵੇਗਾ। ਮੈਂ ਪਿਛਲੇ 20 ਸਾਲਾਂ ਤੋਂ ਇਸ ਦੇਸ਼ ਦੀ ਰਾਜਨੀਤੀ ਵਿੱਚ ਹਾਂ। ਇਨ੍ਹਾਂ 20 ਸਾਲਾਂ 'ਚ ਮੈਂ ਅਜਿਹਾ ਕੁਝ ਨਹੀਂ ਕੀਤਾ ਜੋ ਦੇਸ਼ ਲਈ ਨੁਕਸਾਨਦੇਹ ਸਾਬਤ ਹੋਵੇ। ਮੇਰਾ ਦੋਸਤ ਗੋਖਲੇ ਇਹ ਜਾਣਦਾ ਹੈ। ਮਿਸਟਰ ਮੈਨੂੰ ਨਹੀਂ ਪਤਾ ਕਿ ਗੋਖਲੇ ਮੈਨੂੰ ਆਪਣਾ ਦੋਸਤ ਮੰਨਦੇ ਹਨ ਜਾਂ ਨਹੀਂ, ਪਰ ਮੈਂ ਉਨ੍ਹਾਂ ਨੂੰ ਆਪਣਾ ਦੋਸਤ ਮੰਨਦਾ ਹਾਂ। (ਹਾਸਾ) ਵਾਇਸਰਾਏ ਦੀ ਕੌਂਸਲ ਵਿਚ ਮੈਂ ਇਕੱਲਾ ਹੀ ਸੀ ਜਿਸ ਨੇ ਅੰਗਰੇਜ਼ਾਂ ਨੂੰ ਜ਼ਬਰਦਸਤੀ ਸਵਾਲ ਪੁੱਛੇ। ਇਨ੍ਹਾਂ ਲੋਕਾਂ ਨੇ ਅਸਲੀ ਅੰਗਰੇਜ਼ ਨਹੀਂ ਦੇਖਿਆ ਹੋਣਾ। ਉਹ ਦੇਖ ਕੇ ਹੈਰਾਨ ਰਹਿ ਜਾਣਗੇ।

ਸਾਡੀ ਲੜਾਈ ਹਮੇਸ਼ਾ ਸਿਧਾਂਤਾਂ ਲਈ ਹੁੰਦੀ ਹੈ। ਸਾਡੀ ਲੜਾਈ 6 ਕਰੋੜ ਅਛੂਤ ਲੋਕਾਂ ਲਈ ਹੈ। ਸਾਨੂੰ ਸਿਆਸੀ ਸੁਰੱਖਿਆ ਦੀ ਲੋੜ ਹੈ। ਸਾਡੇ ਮੂੰਹੋਂ ਜਾਂ ਚਲਾਕ ਲੋਕਾਂ ਕਾਰਨ ਸਾਨੂੰ ਕੋਈ ਨੁਕਸਾਨ ਨਾ ਹੋਵੇ। ਇਹ ਉਸ ਸੁਰੱਖਿਆ ਦਾ ਰੂਪ ਹੋਣਾ ਚਾਹੀਦਾ ਹੈ. ਸਾਡੇ ਅੰਦੋਲਨ ਵਿੱਚ ਮੂਰਖਾਂ ਅਤੇ ਚਾਲਬਾਜ਼ਾਂ ਲਈ ਕੋਈ ਥਾਂ ਨਹੀਂ ਹੈ। ਅਸੀਂ ਇੱਕ ਅਜਿਹੀ ਲਹਿਰ ਬਣਾਉਣਾ ਚਾਹੁੰਦੇ ਹਾਂ ਜਿਸ ਵਿੱਚ ਬਦਮਾਸ਼ਾਂ ਲਈ ਕੋਈ ਥਾਂ ਨਹੀਂ ਹੋਵੇਗੀ। ਹੋਰਨਾਂ ਲੋਕਾਂ ਵਾਂਗ ਅਸੀਂ ਵੀ ਆਜ਼ਾਦੀ ਚਾਹੁੰਦੇ ਹਾਂ। ਸਾਨੂੰ ਕਿਸੇ ਨੂੰ ਵੀ ਗੁਲਾਮ ਨਹੀਂ ਬਣਾਉਣਾ ਚਾਹੀਦਾ, ਭਾਵੇਂ ਉਹ ਵਿਦੇਸ਼ੀ ਹੋਵੇ ਜਾਂ ਦੇਸੀ। ਅਸੀਂ ਆਜ਼ਾਦੀ ਚਾਹੁੰਦੇ ਹਾਂ। ਪਰ ਇਸ ਦੇ ਨਾਲ ਹੀ ਸਾਨੂੰ ਲੋਕਤੰਤਰ ਦੀ ਵੀ ਲੋੜ ਹੈ। ਜੇਕਰ ਸੱਤਾ ਕੁਝ ਚੋਣਵੇਂ ਲੋਕਾਂ ਦੇ ਹੱਥਾਂ ਵਿੱਚ ਚਲੀ ਗਈ ਤਾਂ ਸਾਡੇ ਅੱਛੇ ਦਿਨ ਆਉਣ ਦਾ ਕੋਈ ਭਰੋਸਾ ਨਹੀਂ ਹੈ। ਇਹ ਸਾਡਾ ਡਰ ਹੈ ਅਤੇ ਇਸ ਡਰ ਕਾਰਨ ਹੀ ਇਹ ਆਮ ਜਾਪਦਾ ਹੈ ਕਿ ਸੱਤਾ ਆਮ ਆਦਮੀ ਦੇ ਹੱਥਾਂ ਵਿੱਚ ਆ ਜਾਵੇ। ਸਾਡਾ ਪੱਕਾ ਵਿਸ਼ਵਾਸ ਹੈ ਕਿ ਸਿਆਸੀ ਸੱਤਾ ਅਸਲ ਵਿੱਚ ਕਿਸਾਨਾਂ ਅਤੇ ਮਜ਼ਦੂਰਾਂ ਦੇ ਹੱਥਾਂ ਵਿੱਚ ਹੋਣੀ ਚਾਹੀਦੀ ਹੈ।

"ਇਕੁਐਲਿਟੀ ਐਂਡ ਜਸਟਿਸ"
"Equality and Justice" ਸਵਤੰਤਰਤਾ, ਸਮਾਨਤਾ, ਭਾਈਚਾਰਾ

ਕੋਈ ਫਰਕ ਨਹੀਂ ਪੈਂਦਾ ਕਿ ਹੋਰ ਲੋਕ ਕੀ ਕਹਿੰਦੇ ਹਨ, ਅਸੀਂ ਆਜ਼ਾਦੀ ਚਾਹੁੰਦੇ ਹਾਂ ਅਤੇ ਸਾਨੂੰ ਇਹ ਮਿਲੇਗਾ। ਸਾਨੂੰ ਇਸ ਦੇਸ਼ ਵਿੱਚ ਕਿਸੇ ਵੀ ਜਾਤ, ਭਾਈਚਾਰੇ ਜਾਂ ਵਰਗ ਦੁਆਰਾ ਸ਼ਾਸਨ ਕਰਨਾ ਨਹੀਂ ਚਾਹੀਦਾ ਹੈ। ਸਾਨੂੰ ਅਜਿਹੇ ਰਾਜਨੀਤਿਕ ਅਧਿਕਾਰਾਂ ਦੀ ਲੋੜ ਹੈ ਜਿਨ੍ਹਾਂ ਦੇ ਸਮਰਥਨ ਨਾਲ ਅਸੀਂ ਇਸ ਦੇਸ਼ ਵਿੱਚ ਸਿਰ ਉੱਚਾ ਕਰਕੇ ਰਹਿਣ ਦੀ ਆਜ਼ਾਦੀ ਪ੍ਰਾਪਤ ਕਰ ਸਕੀਏ। ਗੁਲਾਮੀ ਨੂੰ ਜੁੱਤੀ ਦੀ ਨੋਕ 'ਤੇ ਰੱਖਾਂਗੇ।

ਇਸ ਦੇਸ਼ ਦੇ 6 ਕਰੋੜ ਅਛੂਤਾਂ ਦੀ ਲੜਾਈ ਸੱਚਮੁੱਚ ਆਜ਼ਾਦੀ ਦੀ ਲੜਾਈ ਹੈ। ਇਸ ਦੇ ਬਾਵਜੂਦ ਇਸ ਦੇਸ਼ ਦੇ ਕਿਸੇ ਵੀ ਵਿਅਕਤੀ ਨੂੰ ਸਾਡੀ ਲਹਿਰ ਲਈ ਕੋਈ ਸਮਰਥਨ, ਸਹਿਯੋਗ ਜਾਂ ਹਮਦਰਦੀ ਨਹੀਂ ਹੈ। ਜੇਕਰ ਕੋਈ ਪੋਸਟ ਦੀ ਹੜਤਾਲ ਹੁੰਦੀ ਹੈ ਤਾਂ ਇਸ ਨੂੰ ਹਰ ਕਿਸੇ ਦਾ ਸਮਰਥਨ ਮਿਲਦਾ ਹੈ। ਮੈਂ ਇਹ ਨਹੀਂ ਕਹਿ ਰਿਹਾ ਕਿ ਤੁਹਾਨੂੰ ਉਨ੍ਹਾਂ ਦਾ ਸਮਰਥਨ ਨਹੀਂ ਕਰਨਾ ਚਾਹੀਦਾ। ਇਸ ਦੇਸ਼ ਵਿੱਚ ਕਮਿਊਨਿਸਟ, ਕੱਟੜਪੰਥੀ ਅਤੇ ਪਾਖੰਡੀ ਹਨ ਪਰ ਉਨ੍ਹਾਂ ਵਿੱਚੋਂ ਕੋਈ ਵੀ ਸਾਡੀ ਆਜ਼ਾਦੀ ਦੀ ਲੜਾਈ ਦਾ ਸਮਰਥਨ ਨਹੀਂ ਕਰਦਾ।

ਤੁਹਾਨੂੰ ਸਾਰਿਆਂ ਨੂੰ ਇੱਕ ਗੱਲ ਧਿਆਨ ਵਿੱਚ ਰੱਖਣੀ ਪਵੇਗੀ ਕਿ ਸਾਨੂੰ ਕਿਸੇ ਦਾ ਸਹਾਰਾ ਮਿਲੇ ਜਾਂ ਨਾ ਮਿਲੇ ਅਸੀਂ ਇਹ ਲੜਾਈ ਜਿੱਤਣੀ ਹੈ। ਅਸੀਂ ਆਪਣੇ ਬਲ 'ਤੇ ਲੜਾਈ ਜਿੱਤਣੀ ਹੈ। ਸਾਨੂੰ ਆਪਣੀ ਤਾਕਤ 'ਤੇ ਭਰੋਸਾ ਕਰਨਾ ਹੋਵੇਗਾ ਇਸੇ ਉੱਤੇ ਦਾਰੋਮਦਾਰ ਹੈ। ਤੁਹਾਨੂੰ ਆਪਣੀ ਜ਼ਿੰਮੇਵਾਰੀ ਅਤੇ ਭਰੋਸਾ ਉਸ 'ਤੇ ਰੱਖਣਾ ਹੋਵੇਗਾ। ਆਪਣੇ ਮਜ਼ਬੂਤ ਸੰਗਠਨ ਦੀ ਮਦਦ ਨਾਲ ਅਸੀਂ ਸਾਰੀਆਂ ਸਮੱਸਿਆਵਾਂ ਨੂੰ ਦੂਰ ਕਰ ਸਕਦੇ ਹਾਂ। ਇਸ ਸੱਤਿਆਗ੍ਰਹਿ ਦੀ ਸਾਰੀ ਜ਼ਿੰਮੇਵਾਰੀ ਸਾਡੇ ਸਿਰ ਹੀ ਹੈ। ਹੁਣ ਲੜਾਈ ਸ਼ੁਰੂ ਹੋ ਗਈ ਹੈ। ਸਿਰ ਭੰਨੇ ਜਾਂ ਮੱਥਾ, ਅਸੀਂ ਅੰਤ ਤੱਕ ਲੜਨ ਦਾ ਫੈਸਲਾ ਕਰਨਾ ਹੈ।

ਔਰਤਾਂ ਬਾਰੇ ਮੈਂ ਦੋ ਸ਼ਬਦ ਕਹਿਣਾ ਚਾਹਾਂਗਾ। ਇਸ ਸੱਤਿਆਗ੍ਰਹਿ ਵਿੱਚ ਔਰਤਾਂ ਦਾ ਸਹਿਯੋਗ ਬਹੁਤ ਹੀ ਮਾਣ ਵਾਲੀ ਗੱਲ ਹੈ। ਸੰਗਠਨ ਦੇ ਅੰਦੋਲਨ ਵਿੱਚ ਔਰਤਾਂ ਦੇ ਸਹਿਯੋਗ ਕਾਰਨ ਉਹ ਬਹੁਤ ਮਾਣ ਮਹਿਸੂਸ ਕਰਦੇ ਸਨ। ਪਰ ਅੱਜ ਦੇ ਹਾਲਾਤ ਇਹ ਦਿਖਾ ਦੇਣਗੇ ਕਿ ਅਛੂਤ ਸਮਾਜ ਦੀਆਂ ਔਰਤਾਂ ਹੋਰ ਔਰਤਾਂ ਦੇ ਮੁਕਾਬਲੇ ਕਿਸੇ ਵੀ ਪੱਖੋਂ ਪਿੱਛੇ ਨਹੀਂ ਹਨ। ਅੱਜ ਸਾਡੇ ਅੰਦੋਲਨ ਨੂੰ ਔਰਤਾਂ ਦਾ ਵੀ ਵੱਡੇ ਪੱਧਰ 'ਤੇ ਸਮਰਥਨ ਮਿਲ ਰਿਹਾ ਹੈ। ਜੇਕਰ ਹਾਲਾਤ ਅਨੁਕੂਲ ਹੁੰਦੇ ਤਾਂ ਹੋਰ ਵੀ ਔਰਤਾਂ ਜੇਲ੍ਹ ਜਾਣੀਆਂ ਸਨ। ਪਾਬੰਦੀ ਲਗਾਈ ਗਈ ਸੀ ਜਿਸ ਕਾਰਨ ਸਾਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਕਾਰਨ ਅਸੀਂ ਸੱਤਿਆਗ੍ਰਹਿ ਮੋਰਚੇ ਵਿੱਚ ਜ਼ਿਆਦਾ ਲੋਕਾਂ ਨੂੰ ਨਹੀਂ ਲਿਆ ਸਕਦੇ। ਕਾਂਗਰਸ ਸਰਕਾਰ ਨੂੰ ਪਾਬੰਦੀ ਖਤਮ ਕਰਨੀ ਚਾਹੀਦੀ ਹੈ , ਜੇਕਰ ਉਹ ਪਾਬੰਦੀ ਖਤਮ ਕਰ ਦਿੰਦੇ ਹਨ ਤਾਂ ਕਾਂਗਰਸ ਨੂੰ ਮੇਰੀ ਚੁਣੌਤੀ ਹੈ ਕਿ ਘੱਟੋ-ਘੱਟ ਇੱਕ ਲੱਖ ਲੋਕ ਆਸਾਨੀ ਨਾਲ ਜੇਲ੍ਹ ਜਾ ਸਕਦੇ ਹਨ।

ਮੈਨੂੰ ਨਹੀਂ ਪਤਾ ਕਿ ਮੈਂ ਦੇਸ਼ ਨੂੰ ਨੁਕਸਾਨ ਪਹੁੰਚਾਉਣ ਲਈ ਕੀ ਕੀਤਾ ਹੈ। ਗੋਲਮੇਜ਼ ਕਾਨਫਰੰਸ ਤੋਂ ਲੈ ਕੇ ਮੇਰੀ ਸਰਕਾਰੀ ਨੌਕਰੀ ਤੱਕ ਕਾਂਗਰਸ ਦੇ ਲੋਕਾਂ ਨੂੰ ਮੇਰੇ ਹਰ ਕੰਮ 'ਤੇ ਤਿੱਖੀ ਨਜ਼ਰ ਰੱਖਣੀ ਚਾਹੀਦੀ ਹੈ। ਅੰਗਰੇਜ਼ਾਂ ਨੂੰ ਝਿੜਕਣ ਵਾਲੇ ਮੰਤਰੀਆਂ ਵਿੱਚ ਮੈਂ ਸਭ ਤੋਂ ਅੱਗੇ ਸੀ ਅਤੇ ਅੱਜ ਜਿਹੜੇ ਅੰਗਰੇਜ਼ਾਂ ਨੂੰ ਦੇਖ ਕੇ ਵੀ ਡਰਦੇ ਹਨ, ਉਹ ਮੰਤਰੀ ਸਦਨ ਵਿੱਚ ਬੈਠੇ ਹਨ।ਮੈਂ ਉਨ੍ਹਾਂ 15 ਲੋਕਾਂ ਨੂੰ ਪੁੱਛਣਾ ਚਾਹੁੰਦਾ ਹਾਂ ਜੋ ਇਸ ਵਾਰ ਕਾਂਗਰਸ ਦੀ ਟਿਕਟ 'ਤੇ ਇਸ ਸੂਬੇ ਵਿੱਚ ਚੁਣੇ ਗਏ ਹਨ, ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਕਿੰਨੇ ਘੰਟੇ ਇਸ ਸਮਾਜ ਅਤੇ ਇਸ ਦੇਸ਼ ਦੇ ਵਿਕਾਸ ਲਈ ਸਮਰਪਿਤ ਕੀਤੇ ਹਨ? ਅਛੂਤਾਂ ਦੀ ਤਰੱਕੀ ਲਈ ਪੂਰੀ ਕੋਸ਼ਿਸ਼ ਕਰਨ ਵਾਲਿਆਂ ਨੂੰ ਥਾਂ ਦਿੱਤੇ ਬਿਨਾਂ ਸਿਰਫ਼ ਵੱਖ-ਵੱਖ ਵਿਅਕਤੀਆਂ ਨੂੰ ਹੀ ਵਿਧਾਇਕ ਬਣਾਇਆ ਗਿਆ ਹੈ। ਗਰੀਬਾਂ ਦਾ ਰਾਜ ਹੋਵੇ, ਜਮਹੂਰੀਅਤ ਹੋਵੇ ਅਤੇ ਜੇਕਰ ਕਾਂਗਰਸ ਚਾਹੇ ਤਾਂ ਉਨ੍ਹਾਂ 6-7 ਕਰੋੜ ਅਛੂਤਾਂ ਨੂੰ, ਜਿਨ੍ਹਾਂ ਨੂੰ ਪਿਛਲੇ 2000 ਸਾਲਾਂ ਤੋਂ ਹਮੇਸ਼ਾ ਦਬਾਇਆ ਜਾਂਦਾ ਰਿਹਾ ਹੈ, ਨੂੰ ਉਨ੍ਹਾਂ ਦਾ ਬਣਦਾ ਅਤੇ ਜ਼ਰੂਰੀ ਹੱਕ ਮਿਲਣਾ ਚਾਹੀਦਾ ਹੈ।

# ਜੀ ਐਸ ਬੈਂਸ ਲਿਬਰਲਜ ਹਾਕੀ ਟੂਰਨਾਮੈਂਟ 14 ਦਸੰਬਰ ਨੂੰ ਤਿਆਰੀਆਂ ਸਬੰਧੀ ਹੋਈ ਮੀਟਿੰਗ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 19 ਅਕਤੂਬਰ
INTERNATIONAL PAPER, 94636 01616
hardipchumber57@gmail.com

ਨਾਭਾ, 19 ਅਕਤੂਬਰ (ਬੇਅੰਤ ਸਿੰਘ ਰੋਹਟੀ ਖਾਸਸਰਬ ਭਾਰਤੀ 48ਵੇਂ ਜੀ ਐਸ ਬੈਂਸ ਲਿਬਰਲਜ ਹਾਕੀ ਟੂਰਨਾਮੈਂਟ ਨਾਭਾ ਦੀ ਤਿਆਰੀਆਂ ਸਬੰਧੀ ਲਿਬਰਲ ਸੋਸਾਇਟੀ ਦੀ ਇੱਕ ਹੰਗਾਮੀ ਮੀਟਿੰਗ ਸੁਸਾਇਟੀ ਦੇ ਸੀਨੀਅਰ ਮੀਤ ਪ੍ਰਧਾਨ ਗੁਰਜੀਤ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ 48ਵੇਂ ਸਰਬ ਭਾਰਤੀ ਜੀਐਸ ਬੈਂਸ ਲਿਬਰਲਜ



ਲਿਬਰਲਜ ਟੂਰਨਾਮੈਂਟ ਦੀ ਤਿਆਰੀਆਂ ਸਬੰਧੀ ਨਾਭਾ ਵਿਖੇ ਜਾਣਕਾਰੀ ਦਿੰਦੇ ਹੋਏ ਗੁਰਜੀਤ ਸਿੰਘ ਬੈਂਸ

ਹਾਕੀ ਟੂਰਨਾਮੈਂਟ ਦੀ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਸਰਬ ਸੰਮਤੀ ਨਾਲ ਇਹ ਟੂਰਨਾਮੈਂਟ 15 ਦਸੰਬਰ ਤੋਂ 21 ਦਸੰਬਰ ਤੱਕ ਕਰਾਉਣ ਦਾ ਫੈਸਲਾ ਕੀਤਾ ਗਿਆ ਇਸ ਟੂਰਨਾਮੈਂਟ ਵਿੱਚ ਦੇਸ਼ ਦੀਆਂ ਨਾਮਵਰ 14 ਹਾਕੀ ਟੀਮਾਂ ਭਾਗ ਲੈ ਰਹੀਆਂ ਹਨ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੋਸਾਇਟੀ ਦੇ ਮੀਡੀਆ ਇੰਚਾਰਜ ਗੁਰਿੰਦਰਜੀਤ ਸਿੰਘ ਸੋਢੀ ਨੇ ਦੱਸਿਆ ਕਿ ਲਿਬਰਲ ਟੂਰਨਾਮੈਂਟ ਦੇਸ਼ ਦੇ ਨਾਮ ਵਰ ਟੂਰਨਾਮੈਂਟਾਂ ਵਿੱਚੋਂ ਇੱਕ ਹੈ ਜਿਸ ਵਿੱਚ ਕਈ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਖਿਡਾਰੀ ਹਿੱਸਾ ਲੈਂਦੇ ਹਨ ਇਸ ਮੀਟਿੰਗ ਵਿੱਚ ਅਸ਼ੋਕ ਬਾਂਸਲ, ਰੁਪਿੰਦਰ ਸਿੰਘ ਗਰੇਵਾਲ, ਪ੍ਰਿੰਸੀਪਲ ਕੁਲਬੀਰ ਸਿੰਘ, ਕੋਚ ਜੈ ਬੀਰ ਸਿੰਘ, ਕੋਚ ਅਜੇ ਸਿੰਘ ਭੂਰੀਆ, ਜਤਿੰਦਰ ਸਿੰਘ ਦਾਖੀ, ਦਲਬੀਰ ਸਿੰਘ ਭੰਗੂ, ਵਰਿੰਦਰ ਸਿੰਘ ਕਾਲਾ ਝਾੜ, ਇੰਦਰਜੀਤ ਸਿੰਘ ਮਿੱਠੂ,ਵਰਿੰਦਰ ਸਿੰਘ ਸਿੱਧੂ, ਜਤਿੰਦਰ ਸਿੰਘ ਬਾਰੀ ਖਜਾਨਚੀ ਅਤੇ ਗੁਲਸ਼ਨ ਕੁਮਾਰ ਨੇ ਹਿੱਸਾ ਲਿਆ

# ਕੈਬਨਿਟ ਮੰਤਰੀ ਡਾ. ਰਵਜੋਤ ਤੇ ਰੈੱਡ ਕਰਾਸ ਸੋਸਾਇਟੀ ਦੇ ਸਹਿਯੋਗ ਨਾਲ ਵਿਸ਼ੇਸ਼ ਬੱਚਿਆਂ ਨਾਲ ਦੀਵਾਲੀ ਮਨਾਈ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 19 ਅਕਤੂਬਰ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਸਹਾਰਾ ਵੈਲਫੇਅਰ ਸੋਸਾਇਟੀ ਦੁਆਰਾ ਵਿਸ਼ੇਸ਼ ਬੱਚਿਆਂ ਨਾਲ ਇਸ ਸਾਲ ਦੀਵਾਲੀ ਦਾ ਤਿਉਹਾਰ ਬਹੁਤ ਹੀ ਖਾਸ ਅਤੇ ਰਚਨਾਤਮਕ ਤਰੀਕੇ ਨਾਲ ਮਨਾਇਆ ਗਿਆ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜਨੌੜੀ ਵਿਖੇ ਇਨ੍ਹਾਂ ਬੱਚਿਆਂ ਦੁਆਰਾ ਬਣਾਏ ਗਏ ਦੀਵਿਆਂ ਅਤੇ ਮੋਮਬੱਤੀਆਂ ਦਾ ਇਕ ਆਕਰਸ਼ਕ



ਸਟਾਲ ਲਗਾਇਆ ਗਿਆ, ਜਿਸ ਦਾ ਉਦੇਸ਼ ਬੱਚਿਆਂ ਵਿਚ ਰਚਨਾਤਮਕ ਅਤੇ ਆਤਮਨਿਰਭਰ ਨੂੰ ਉਤਸ਼ਾਹਤ ਕਰਨਾ ਸੀ। ਇਸ ਮੌਕੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਅਤੇ ਰੈੱਡ ਕਰਾਸ ਸੋਸਾਇਟੀ, ਹੁਸ਼ਿਆਰਪੁਰ ਵੱਲੋਂ ਬੱਚਿਆਂ ਨੂੰ ਸਕੂਲ ਬੈਗ, ਭਾਂਡੇ ਅਤੇ ਰਾਸ਼ਨ ਕਿੱਟਾਂ ਭੇਟ ਕੀਤੀਆਂ ਗਈਆਂ। ਪ੍ਰੋਗਰਾਮ ਵਿੱਚ ਅੰਗਰੇਜ਼ੀ ਲੈਕਚਰਾਰ ਰੇਨੂੰ ਬਾਲਾ ਨੇ ਦੀਵਾਲੀ ਦੀਆਂ ਚੀਜ਼ਾਂ ਦੀ ਸਜਾਵਟ ਵਿੱਚ ਵਿਸ਼ੇਸ਼ ਯੋਗਦਾਨ ਪਾਇਆ, ਜਿਸ ਨਾਲ ਸਟਾਲ ਦੀ ਸੁੰਦਰਤਾ ਹੋਰ ਵੀ ਵਧ ਗਈ। ਪ੍ਰੋਗਰਾਮ ਦੇ ਅਖ਼ੀਰ ਵਿੱਚ ਪ੍ਰਧਾਨ ਰੇਨੂੰ ਕੰਵਰ ਨੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਅਤੇ ਰੈੱਡ ਕਰਾਸ ਸਕੱਤਰ ਮੰਗੇਸ਼ ਸੂਦ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਨੇ ਇਸ ਪ੍ਰੇਰਨਾਦਾਇਕ ਪਹਿਲਕਦਮੀ ਦਾ ਸਮਰਥਨ ਕੀਤਾ। ਪ੍ਰੋਗਰਾਮ ਵਿੱਚ ਸਹਾਰਾ ਵੈਲਫੇਅਰ ਸੁਸਾਇਟੀ ਦੀ ਪ੍ਰਧਾਨ ਰੇਨੂੰ ਕੰਵਰ, ਰਣਜੀਤ ਸਿੰਘ, ਅੰਜੂ ਬਾਲਾ, ਸ਼ਿਆਮ ਕੌਰ ਅਤੇ ਪ੍ਰਿੰਸੀਪਲ ਰਣਜੀਤ ਸਿੰਘ ਸਮੇਤ ਕਈ ਪਤਵੰਤੇ ਹਾਜ਼ਰ ਸਨ।

# “ਇਕੱਲੇਪਨ - ਰੂਹ ਦੀ ਰੌਸ਼ਨੀ”

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 19 ਅਕਤੂਬਰ
INTERNATIONAL PAPER, 94636 01616
hardipchumber57@gmail.com

ਅੱਜ ਦਾ ਯੁਗ ਸ਼ੋਰ, ਦੌੜ ਅਤੇ ਮੁਕਾਬਲੇ ਨਾਲ ਭਰਿਆ ਹੋਇਆ ਹੈ। ਹਰ ਕੋਈ ਕਿਸੇ ਨਾ ਕਿਸੇ ਚੀਜ਼ ਦੇ ਪਿੱਛੇ ਦੌੜ ਰਿਹਾ ਹੈ — ਸਫ਼ਲਤਾ, ਮਕਾਮ, ਰਿਸ਼ਤੇ ਜਾਂ ਪ੍ਰਸਿੱਧੀ। ਪਰ ਇਸ ਸਾਰੇ ਸ਼ੋਰ ਵਿੱਚ ਮਨੁੱਖ ਸਭ ਤੋਂ ਵੱਡੀ ਚੀਜ਼ ਗੁਆ ਬੈਠਦਾ ਹੈ — ਆਪਣਾ ਆਪ। ਇਸੇ ਲਈ ਇਕੱਲੇਪਨ ਦੀ ਲੋੜ ਕਦੇ ਵੀ ਇਨੀ ਵੱਡੀ ਨਹੀਂ ਸੀ ਜਿੰਨੀ ਅੱਜ ਹੈ। ਇਕੱਲੇ ਰਹਿਣ ਨੂੰ ਅਕਸਰ ਦੁੱਖ ਜਾਂ ਤਨਹਾਈ ਮੰਨਿਆ ਜਾਂਦਾ ਹੈ, ਪਰ ਸੱਚ ਇਹ ਹੈ ਕਿ ਇਕੱਲੇਪਨ ਸਾਡੀ ਰੂਹ ਦੀ ਰੌਸ਼ਨੀ ਹੈ — ਉਹ ਸਮਾਂ ਜਦੋਂ ਮਨੁੱਖ ਆਪਣੇ ਆਪ ਨਾਲ ਮੁਲਾਕਾਤ ਕਰਦਾ ਹੈ।

“ਜਦੋਂ ਸਾਰੇ ਚਲੇ ਜਾਂਦੇ ਹਨ,
ਮਨ ਸੱਚ ਬੋਲਦਾ ਹੈ,
ਇਕੱਲੇ ਪਲਾਂ ਵਿੱਚ ਰੱਬ ਵੀ
ਨੇੜੇ ਲੱਗਦਾ ਹੈ।”

ਇਕੱਲੇਪਨ ਸਿਰਫ਼ ਚੁੱਪ ਨਹੀਂ, ਇੱਕ ਅੰਦਰੂਨੀ ਸੰਗੀਤ ਹੈ। ਇਹ ਸਾਨੂੰ ਆਪਣੀਆਂ ਭਾਵਨਾਵਾਂ ਨੂੰ ਸੁਣਨ, ਆਪਣੇ ਦਰਦਾਂ ਨੂੰ ਸਮਝਣ ਅਤੇ ਖੁਸ਼ੀਆਂ ਨੂੰ ਮਹਿਸੂਸ ਕਰਨ ਦਾ ਸਮਾਂ ਦਿੰਦਾ ਹੈ। ਜਦੋਂ ਅਸੀਂ ਆਪਣੇ ਆਪ ਨਾਲ ਗੱਲ ਕਰਦੇ ਹਾਂ, ਸਾਨੂੰ ਅਹਿਸਾਸ ਹੁੰਦਾ ਹੈ ਕਿ ਸਾਡੀ ਖੁਸ਼ੀ ਕਿਸੇ ਹੋਰ ’ਤੇ ਨਹੀਂ, ਸਾਡੇ ਅੰਦਰ ਹੀ ਵਸਦੀ ਹੈ।

ਕਈ ਮਹਾਨ ਵਿਚਾਰਕਾਂ ਨੇ ਕਿਹਾ ਹੈ ਕਿ ਦੁਨੀਆ ਦੇ ਸਭ ਤੋਂ ਵੱਡੇ ਵਿਚਾਰ ਚੁੱਪ ਦੇ ਸਮੇਂ ਜੰਮੇ ਹਨ। ਇਕੱਲੇ ਰਹਿਣ ਨਾਲ ਮਨ ਦਾ ਧਿਆਨ ਵਧਦਾ ਹੈ, ਰਚਨਾਤਮਕਤਾ ਜਾਗਦੀ ਹੈ ਅਤੇ ਜੀਵਨ ਦਾ ਨਵਾਂ ਦ੍ਰਿਸ਼ਕੋਣ ਮਿਲਦਾ ਹੈ।

ਇਹ ਸੱਚ ਹੈ ਕਿ ਮਨੁੱਖ ਇੱਕ ਸਮਾਜਿਕ ਜੀਵ ਹੈ, ਪਰ ਇਹ ਵੀ ਸੱਚ ਹੈ ਕਿ ਜੇ ਉਹ ਆਪਣੇ ਆਪ ਨਾਲ ਸ਼ਾਂਤ ਨਹੀਂ, ਤਾਂ ਕਿਸੇ ਨਾਲ ਵੀ ਸ਼ਾਂਤ ਨਹੀਂ ਰਹਿ ਸਕਦਾ। ਇਕੱਲੇਪਨ ਸਾਨੂੰ ਆਪਣੇ ਆਪ ਨਾਲ ਪਿਆਰ ਕਰਨਾ ਸਿਖਾਉਂਦਾ ਹੈ, ਬਿਨਾਂ ਕਿਸੇ ਸ਼ਰਤ ਦੇ।

ਅੰਤ ਵਿੱਚ ਕਹਿਣਾ ਠੀਕ ਰਹੇਗਾ ਕਿ ਇਕੱਲੇਪਨ ਕੋਈ ਕੈਦ



ਰਮਨਦੀਪ ਕੌਰ ਬੱਲੂਆਣਾ, ਬਾਬਾ ਫ਼ਰੀਦ ਐਜੂਕੇਸ਼ਨ ਕਾਲਜ ਦਿਉਣ (ਬਠਿੰਡਾ), ਪੇਸ਼ਕਸ਼ - ਅੰਗਰੇਜ ਸਿੰਘ ਵਿੱਕੀ ਕੋਟਗੁਰੂ

ਨਹੀਂ, ਇੱਕ ਆਜ਼ਾਦੀ ਹੈ — ਉਹ ਆਜ਼ਾਦੀ ਜਿਸ ਵਿੱਚ ਮਨੁੱਖ ਆਪਣੀ ਰੂਹ ਨੂੰ ਸੁਣ ਸਕਦਾ ਹੈ। ਇਸੇ ਇਕੱਲੇਪਨ ਵਿੱਚ ਮਨੁੱਖ ਸਭ ਤੋਂ ਵੱਡਾ ਸਾਥੀ ਲੱਭਦਾ ਹੈ ਆਪਣਾ ਆਪ।

# ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਵੱਖ-ਵੱਖ ਵਿਭਾਗਾਂ ਦੇ ਕਾਰਜਾਂ ਦੀ ਪ੍ਰਗਤੀ ਦਾ ਲਿਆ ਜਾਇਜ਼ਾ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 19 ਅਕਤੂਬਰ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅੱਜ ਜ਼ਿਲ੍ਹਾ ਪੱਧਰ ‘ਤੇ ਮਾਲ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਮਾਲ ਅਧਿਕਾਰੀਆਂ ਨਾਲ ਮਹੀਨਾਵਾਰ ਮੀਟਿੰਗ ਕੀਤੀ। ਮੀਟਿੰਗ ਵਿੱਚ ਵੱਖ-ਵੱਖ ਮਾਲੀਆ ਮਾਮਲਿਆਂ, ਸਕੀਮਾਂ ਅਤੇ ਲੰਬਿਤ ਕੰਮਾਂ ਦੀ ਬਾਰੀਕੀ ਨਾਲ ਸਮੀਖਿਆ ਕੀਤੀ ਗਈ ਅਤੇ ਅਧਿਕਾਰੀਆਂ ਨੂੰ ਕੰਮ ਨੂੰ ਸਮਾਂਬੱਧ ਢੰਗ ਨਾਲ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਗਏ। ਮੀਟਿੰਗ ਵਿੱਚ



ਈਜੀ ਰਜਿਸਟਰੇਸ਼ਨ ਅਤੇ ਮੁਕੇਰੀਆਂ ਤਹਿਸੀਲ ਕੰਪਲੈਕਸ ਦੇ ਨਵੀਨੀਕਰਨ ਸਬੰਧੀ ਪ੍ਰਗਤੀ ‘ਤੇ ਚਰਚਾ ਹੋਈ। ਇਸ ਦੇ ਨਾਲ ਹੀ ਨਾਮ ‘ਮੇਰਾ ਘਰ ਮੇਰੇ ਨਾਮ’ ਸਕੀਮ ਦੀ ਮੌਜੂਦਾ ਸਥਿਤੀ ਦੀ ਵੀ ਸਮੀਖਿਆ ਕੀਤੀ ਗਈ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਸਟੈਂਪ ਅਤੇ ਰਜਿਸਟ੍ਰੇਸ਼ਨ ਨਾਲ ਸਬੰਧਤ ਵਸੂਲੀਆਂ ਦਾ ਵਿਸਥਾਰਪੂਰਵਕ ਜਾਇਜ਼ਾ ਲਿਆ। ਉਨ੍ਹਾਂ ਨੇ ਲੰਬਿਤ ਪਏ ਜ਼ਮੀਨੀ ਮਾਲੀਏ ਦੇ ਬਕਾਏ ਦੀ ਵਸੂਲੀ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ ਜ਼ਮੀਨ ਪ੍ਰਾਪਤੀ ਦੇ ਚੱਲ ਰਹੇ ਮਾਮਲਿਆਂ ਦੀ ਸਥਿਤੀ ਰਿਪੋਰਟ, ਖਸਰਾ-ਵਾਈਜ਼ ਮੈਪਿੰਗ, ਮੁਸਾਵੀ-ਕੈਡਸਟ੍ਰਲ ਡਿਜੀਟਾਈਜ਼ੇਸ਼ਨ, ਜਮ੍ਹਾਂਬੰਦੀ, ਡਿਜੀਟਲ ਫਸਲ ਸਰਵੇਖਣ ਅਤੇ ਆਸਾਨ ਜਮ੍ਹਾਂਬੰਦੀ ਸੇਵਾਵਾਂ (ਆਨਲਾਈਨ ਸੇਵਾਵਾਂ, ਇੰਤਕਾਲ, ਰਿਪੋਰਟ, ਫਰਦ ਬਦਰ, ਬੈਂਕ ਲੌਗਇਨ ਆਈਡੀ ਬਣਾਉਣਾ ਆਦਿ) ਦੀ ਸਮੀਖਿਆ ਕੀਤੀ ਗਈ। ਮੀਟਿੰਗ ਵਿੱਚ ਉਨ੍ਹਾਂ ਐਸ.ਡੀ.ਐਮਜ਼ ਨੂੰ ਨਿਰਦੇਸ਼ ਦਿੱਤੇ ਕਿ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਮੁਆਵਜ਼ਾ ਦੇਣ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਅਤੇ ਫਸਲਾਂ ਦੇ ਨੁਕਸਾਨ ਵਾਲੇ ਲਾਭਪਾਤਰੀਆਂ ਦੇ ਖਾਤਿਆਂ ਵਿੱਚ ਮੁਆਵਜ਼ੇ ਦੀ ਰਕਮ ਜਮ੍ਹਾਂ ਕਰਵਾਈ ਜਾਵੇ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮਾਲ ਵਿਭਾਗ ਦੀਆਂ ਸਾਰੀਆਂ ਸੇਵਾਵਾਂ ਆਮ ਲੋਕਾਂ ਲਈ ਆਸਾਨ ਅਤੇ ਪਾਰਦਰਸ਼ੀ ਢੰਗ ਨਾਲ

# ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਪਾਇਲ ਵਿੱਚ ਬਣ ਰਹੇ ਮਹੱਲਾ ਕਲੀਨਿਕ ਦਾ ਸ਼ਹਿਰ ਨਿਵਾਸੀਆਂ ਵੱਲੋਂ ਵਿਰੋਧ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 19 ਅਕਤੂਬਰ
INTERNATIONAL PAPER, 94636 01616
hardipchumber57@gmail.com

ਪਾਇਲ ਸ਼ਹਿਰ ਵਿੱਚ ਵਾਰਡ ਨੰਬਰ-1,8,10,11 ਦੀ ਸਾਂਝੀ ਸ੍ਰੀ ਗੁਰੂ ਰਵਿਦਾਸ ਧਰਮਸ਼ਾਲਾ ਵਿੱਚ ਸਰਕਾਰ ਵੱਲੋਂ ਮਹੱਲਾ ਕਲੀਨਿਕ ਖੋਲਿਆ ਜਾ ਰਿਹਾ ਹੈ ਜਿਸ ਵਿੱਚ ਇਹਨਾਂ ਚਾਰੇ ਵਾਰਡਾਂ ਦੇ ਦਲਿਤ ਭਾਈਚਾਰੇ ਦੀਆਂ ਬੀਬੀਆਂ ਅਤੇ ਭਾਈਆਂ ਵੱਲੋਂ ਇਸ ਦਾ ਵੱਡੇ ਪੱਧਰ ਤੇ ਵਿਰੋਧ ਕੀਤਾ ਗਿਆ, ਲੋਕਾਂ ਦਾ ਦੋਸ਼ ਹੈ ਕਿ ਮਹੱਲਾ ਕਲੀਨਿਕ ਸਾਡੀ ਸਹਿਮਤੀ ਤੋਂ ਬਿਨਾਂ ਖੋਲਿਆ ਜਾ ਰਿਹਾ ਹੈ ਕਿਉਂਕਿ ਸਾਡੇ ਕੋਲ ਪਹਿਲਾਂ ਹੀ ਜਗ੍ਹਾ ਬਹੁਤ ਘੱਟ ਹੈ,ਇਥੇ ਕੋਈ ਪ੍ਰੋਗਰਾਮ ਕਰਨਾ ਹੈ ਤਾਂ ਸਾਨੂੰ ਬਹੁਤ ਔਖਿਆਈ ਦਾ ਸਾਹਮਣਾ ਕਰਨਾ ਪਵੇਗਾ, ਵਿਧਾਇਕ ਦੇ ਧਿਆਨ ਵਿੱਚ



ਆਉਣ ਤੋਂ ਬਾਅਦ ਇਸ ਮਹਲਾ ਕਲੀਨਿਕ ਦਾ ਕੰਮ ਫਿਲਹਾਲ ਰੋਕ ਦਿੱਤਾ ਗਿਆ ਹੈ ਇਸ ਮੌਕੇ ਮਹੱਲਾ ਨਿਵਾਸੀ ਬੀਬੀਆਂ ਤੇ ਭਾਈਆਂ ਨੇ ਕਿਹਾ ਕਿ ਨਗਰ ਕੌਂਸਲ ਅਤੇ ਆਮ ਆਦਮੀ ਪਾਰਟੀ ਦੀ ਗਲਤੀ ਹੈ ਜਿਨਾਂ ਨੇ ਮਹਲਾ ਨਿਵਾਸੀਆਂ ਤੋਂ ਬਿਨਾਂ ਸਲਾਹ ਕੀਤੇ ਹੀ ਇੱਥੇ ਮਹਲਾ ਕਲੀਨਿਕ ਖੋਲਣ ਦਾ ਫੈਸਲਾ ਕਰ ਲਿਆ ਜਿਸ ਦਾ ਅਸੀਂ ਡਟ ਕੇ ਵਿਰੋਧ ਕਰਾਂਗੇ ਇਸ ਮੌਕੇ ਪਹੁੰਚੇ ਉੱਘੇ ਅੰਬੇਡਕਵਾਦੀ ਗੁਰਦੀਪ ਸਿੰਘ ਕਾਲੀ ਨੇ ਕਿਹਾ ਕਿ ਮਹੱਲਾ ਕਲੀਨਿਕ ਖੋਲਣਾ ਤੋਂ ਸਰਕਾਰ ਦੀ ਨੀਤੀ ਹੈ ਪ੍ਰੰਤੂ ਗਰੀਬਾਂ ਦੀਆਂ ਧਰਮਸ਼ਾਲਾ ਦੇ ਵਿੱਚ ਕਿਉਂ ਖੋਲਿਆ ਜਾ ਰਿਹਾ ਹੈ ਸ਼ਹਿਰ ਵਿੱਚ ਬਹੁਤ ਜਗ੍ਹਾ ਪਈਆਂ ਹਨ ਜਿੱਥੇ ਮਹਲਾ ਕਲੀਨਿਕ ਖੋਲਿਆ ਜਾ ਸਕਦਾ ਹੈ। ਇੱਥੇ ਇੱਕ ਵੱਡਾ ਹਸਪਤਾਲ ਵੀ ਹੈ ਇੱਥੇ ਮਹਲਾ ਕਲੀਨਿਕ ਖੋਲਣ ਦੀ ਬਜਾਏ ਉੱਥੇ ਇਹ ਸਾਰੀਆਂ ਸਹੂਲਤਾਂ ਮੁਹਈਆਂ ਕਰਵਾਈਆਂ ਜਾਣ ਲੋਕਾਂ ਦੇ ਰੋਹ ਨੂੰ ਦੇਖਦੇ ਹੋਏ ਹਲਕਾ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਆਪਣਾ ਨੁਮਾਇੰਦਾ ਸਾਬਕਾ ਚੇਅਰਮੈਨ ਬੂਟਾ ਸਿੰਘ ਨੂੰ ਭੇਜਿਆ ਤੇ ਉਹਨਾਂ ਨੇ ਕਿਹਾ ਕਿ ਇਹ ਸਾਰੀ ਗਲਤੀ ਨਗਰ ਕੌਂਸਲ ਦੀ ਹੈ ਜਿਸ ਵਿੱਚ ਸਾਰੇ ਨਗਰ ਕੌਂਸਲ ਮੈਂਬਰ ਸਮੇਤ ਪ੍ਰਧਾਨ ਨੇ ਮਤਾ ਪਾ ਕੇ ਦਿੱਤਾ ਉਸ ਤੋਂ ਬਾਅਦ ਅਸੀਂ ਮਨਜ਼ੂਰੀ ਲਈ ਹੈ ਵਿਧਾਇਕ ਨੇ ਕਿਹਾ ਕਿ ਕਾਂਗਰਸ ਪਾਰਟੀ ਨਹੀਂ ਚਾਹੁੰਦੀ ਕਿ ਪਾਇਲ ਸ਼ਹਿਰ ਵਿੱਚ ਕੋਈ ਵਿਕਾਸ ਹੋਵੇ ਕਿਉਂਕਿ ਇਹ ਨਗਰ ਕੌਂਸਲ ਦੇ ਪ੍ਰਧਾਨ ਅਤੇ ਮੈਂਬਰ ਸਾਹਿਬਾਨ ਦੀ ਸਹਿਮਤੀ ਨਾਲ ਹੀ ਇਹ ਕੰਮ ਸ਼ੁਰੂ ਕੀਤਾ ਗਿਆ ਸੀ ਉਹ ਸਾਨੂੰ ਕੋਈ ਹੋਰ ਜਗ੍ਹਾ ਦੱਸ ਦਿੰਦੇ ਅਸੀਂ ਉਸ ਜਗ੍ਹਾ ਤੇ ਇਹ ਮਹਲਾ ਕਲੀਨਿਕ ਬਣਾ ਦਿੰਦੇ ਮੈਂ ਤਾਂ ਸਰਕਾਰ ਕੋਲੋਂ ਪੈਸਾ ਅਤੇ ਸਕੀਮਾਂ ਲਿਆ ਸਕਦਾ ਹਾਂ ਇਹ ਜਗ੍ਹਾ ਅਤੇ ਪੈਸਾ ਲਗਵਾਉਣਾ ਇਹ ਨਗਰ ਕੌਂਸਲ ਦਾ ਅਧਿਕਾਰ ਖੇਤਰ ਹੈ।

# ਫਗਵਾੜਾ ਸ਼ਹਿਰ ਵਿੱਚ ਪੁਲਿਸ ਫਲੈਗ ਮਾਰਚ ਕੱਢਿਆ ਗਿਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 19 ਅਕਤੂਬਰ
INTERNATIONAL PAPER, 94636 01616
hardipchumber57@gmail.com

ਫਗਵਾੜਾ (ਸ਼ਿਵ ਕੌੜਾ) ਸ਼੍ਰੀਮਤੀ ਮਾਧਵੀ ਸ਼ਰਮਾ, ਪੀਪੀਐਸ, ਪੁਲਿਸ ਸੁਪਰਡੈਂਟ, ਸਬ-ਡਵੀਜ਼ਨ ਫਗਵਾੜਾ ਨੇ ਪ੍ਰੈਸ ਨੂੰ ਜਾਣਕਾਰੀ ਦਿੱਤੀ ਕਿ ਆਉਣ ਵਾਲੇ ਤਿਉਹਾਰਾਂ ਦੇ ਮੱਦੇਨਜ਼ਰ, ਫਗਵਾੜਾ ਸ਼ਹਿਰ ਵਿੱਚ ਇੱਕ ਫਲੈਗ ਮਾਰਚ ਕੱਢਿਆ ਗਿਆ, ਜਿਸ ਵਿੱਚ ਡਿਪਟੀ ਸੁਪਰਡੈਂਟ ਆਫ਼ ਪੁਲਿਸ, ਸਬ-ਡਵੀਜ਼ਨ ਫਗਵਾੜਾ, ਮੁੱਖ ਅਫ਼ਸਰ, ਪੁਲਿਸ ਸਟੇਸ਼ਨ ਸਿਟੀ







ਫਗਵਾੜਾ, ਅਤੇ ਇੰਚਾਰਜ ਪੀਸੀਆਰ / ਟ੍ਰੈਫਿਕ ਫਗਵਾੜਾ ਨੇ ਹਿੱਸਾ ਲਿਆ। ਫਲੈਗ ਮਾਰਚ ਪੇਪਰ ਚੌਕ ਤੋਂ ਸ਼ੁਰੂ ਹੋ ਕੇ ਬੰਗਾ ਰੋਡ, ਝਟਕੀਆਂ ਚੌਕ, ਕੁਲਥਮ ਚੌਕ, ਸੁਭਾਸ਼ ਚੌਕ, ਮੁਹੱਲਾ ਪ੍ਰੇਮਪੁਰਾ ਮੋੜ, ਬਲੱਡ ਬੈਂਕ, ਹਰਗੋਬਿੰਦ ਨਗਰ ਚੌਕ ਅਤੇ ਮੇਨ ਜੀਟੀ ਰੋਡ ਤੋਂ ਹੁੰਦਾ ਹੋਇਆ ਪੇਪਰ ਚੌਕ ‘ਤੇ ਸਮਾਪਤ ਹੋਇਆ। ਪੁਲਿਸ ਨੇ ਸ਼ਹਿਰ ਦੇ ਹੌਟਸਪੌਟ ਖੇਤਰਾਂ ਵਿੱਚ ਚੈਕਿੰਗ ਕੀਤੀ। ਇਸ ਤੋਂ ਇਲਾਵਾ, ਸਬੰਧਤ ਥਾਣਿਆਂ ਦੇ ਮੁੱਖ ਅਧਿਕਾਰੀਆਂ ਨੇ ਫਗਵਾੜਾ ਸਬ-ਡਵੀਜ਼ਨ ਦੇ ਪਿੰਡਾਂ ਵਿੱਚ ਗਸ਼ਤ ਅਤੇ ਨਾਕਾਬੰਦੀ ਕੀਤੀ ਤਾਂ ਜੋ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਿਆ ਜਾ ਸਕੇ। ਵੱਖ-ਵੱਖ ਤਿਉਹਾਰਾਂ ਦੇ ਮੱਦੇਨਜ਼ਰ, ਪੁਲਿਸ ਫੋਰਸ ਪੂਰੀ ਤਨਦੇਹੀ ਨਾਲ ਆਪਣੀ ਡਿਊਟੀ ਨਿਭਾ ਰਹੀ ਹੈ।

# "ਖੁਸ਼ੀ ਦਾ ਰਾਹ: ਮਨੁੱਖੀ ਸੁਭਾਅ ਵਿੱਚ"

## (ਸਹੂਲਤਾਂ ਨਹੀਂ, ਮਨ ਦੀ ਸੋਚ ਹੈ ਜੋ ਸਫ਼ਰ ਨੂੰ ਖ਼ਾਸ ਬਣਾਉਂਦੀ ਹੈ)

ਮੈਂ ਆਪਣੀ ਡਿਊਟੀ ਤੇ ਪਹੁੰਚਣ ਅਤੇ ਘਰ ਵਾਪਸ ਆਉਣ ਲਈ ਹਰ ਰੋਜ਼ ਲਗਭਗ 180 ਕਿਲੋਮੀਟਰ ਦਾ ਸਫਰ ਕਰਦਾ ਹਾਂ। ਜ਼ਿਆਦਾਤਰ ਇਹ ਸਫਰ ਮੈਂ ਬੱਸ ਰਾਹੀਂ ਤੈਅ ਕਰਦਾ ਹਾਂ। ਇਸ ਦੌਰਾਨ ਮੈਂ ਹਰ ਰੋਜ਼ ਸੈਂਕੜੇ ਚਿਹਰੇ ਦੇਖਦਾ ਹਾਂ। ਕੁਝ ਉਹ ਹੁੰਦੇ ਹਨ ਜੋ ਮੇਰੇ ਵਾਂਗ ਹਰ ਰੋਜ਼ ਯਾਤਰਾ ਕਰਦੇ ਹਨ, ਤੇ ਕੁਝ ਨਵੇਂ ਚਿਹਰੇ ਹੁੰਦੇ ਹਨ। ਬੱਸ ਵਿੱਚ ਅਕਸਰ ਭੀੜ ਰਹਿੰਦੀ ਹੈ। ਕੁਝ ਯਾਤਰੀਆਂ ਨੂੰ ਸੀਟ ਮਿਲ ਜਾਂਦੀ ਹੈ, ਜਦਕਿ ਕਈਆਂ ਨੂੰ ਖੜ੍ਹੇ ਹੋ ਕੇ ਹੀ ਆਪਣਾ ਸਫਰ ਪੂਰਾ ਕਰਨਾ ਪੈਂਦਾ ਹੈ।

ਮੈਂ ਖੁਦ ਗੱਲਾਂ ਬਹੁਤ ਘੱਟ ਕਰਦਾ ਹਾਂ, ਪਰ ਮੈਨੂੰ ਇੱਕ ਆਦਤ ਹੈ ਕਿ ਮੈਂ ਲੋਕਾਂ ਦੇ ਸੁਭਾਅ ਨੂੰ ਧਿਆਨ ਨਾਲ ਓਬਜ਼ਰਵ ਕਰਦਾ ਹਾਂ। ਮੈਂ ਇੱਕ ਗੱਲ ਨੋਟ ਕੀਤੀ ਹੈ ਕਿ ਲੋਕ ਜਿਹੋ ਜਿਹਾ ਮੂਡ ਘਰੋਂ ਲੈ ਕੇ ਆਉਂਦੇ ਹਨ, ਉਵੇਂ ਹੀ ਦੂਜਿਆਂ ਨਾਲ ਵਰਤਾਓ ਕਰਦੇ ਹਨ। ਕੁਝ ਵਿਅਕਤੀ, ਜੋ ਖੜ੍ਹੇ ਹੋ ਕੇ ਯਾਤਰਾ ਕਰਦੇ ਹਨ, ਉਹਨਾਂ ਲਈ ਇਹ ਸਫਰ ਔਖਾ ਹੋਣ ਦੇ ਬਾਵਜੂਦ ਵੀ ਉਹ ਹਮੇਸ਼ਾਂ ਖੁਸ਼ਮਿਜਾਜ਼ ਰਹਿੰਦੇ ਹਨ ਅਤੇ ਆਪਣੇ ਆਲੇ ਦੁਆਲੇ ਖੁਸ਼ੀਆਂ ਫੈਲਾਉਂਦੇ ਹਨ। ਦੂਜੇ ਪਾਸੇ, ਕੁਝ ਵਿਅਕਤੀ ਜੋ ਆਰਾਮ ਨਾਲ ਸੀਟ ਤੇ ਬੈਠ ਕੇ ਯਾਤਰਾ ਕਰਦੇ ਹਨ, ਉਹਨਾਂ ਵਿੱਚੋਂ ਵੀ ਕਈ ਅਜਿਹੇ ਹੁੰਦੇ ਹਨ ਜੋ ਹਰ ਗੱਲ 'ਤੇ ਚਿੜ ਜਾਂਦੇ ਹਨ। ਕਈ ਵਾਰੀ ਤਾਂ ਉਹ ਇਸ ਗੱਲ 'ਤੇ ਵੀ ਨਾਰਾਜ਼ ਹੋ ਜਾਂਦੇ ਹਨ ਕਿ ਕੋਈ ਖੜ੍ਹਾ ਯਾਤਰੀ ਬੱਸ ਦੇ ਝਟਕਿਆਂ ਕਰਕੇ ਉਨ੍ਹਾਂ ਨੂੰ ਛੂਹ ਕਿਵੇਂ ਗਿਆ।

ਇਹ ਸਭ ਦੇਖ ਕੇ ਮੈਨੂੰ ਅਕਸਰ ਇਹ ਅਹਿਸਾਸ ਹੁੰਦਾ ਹੈ ਕਿ ਖੁਸ਼ੀ ਦਾ ਸਬੰਧ ਸਹੂਲਤਾਂ ਨਾਲ ਨਹੀਂ, ਸਗੋਂ ਮਨੁੱਖ ਦੇ ਅੰਦਰਲੇ ਸੁਭਾਅ ਨਾਲ ਹੁੰਦਾ ਹੈ। ਖੁਸ਼ੀ ਕੋਈ ਬਾਹਰੀ ਚੀਜ਼ ਨਹੀਂ ਜੋ ਮਿਲ ਸਕੇ, ਇਹ ਤਾਂ ਅੰਦਰੋਂ ਉਪਜਦੀ ਹੈ। ਜੇ ਮਨੁੱਖ ਦੇ ਅੰਦਰ ਖੁਸ਼ ਰਹਿਣ ਦੀ ਸੋਚ ਹੋਵੇ, ਤਾਂ ਉਹ ਮਾੜੀਆਂ ਹਾਲਤਾਂ ਵਿੱਚ ਵੀ ਖੁਸ਼ੀਆਂ ਲੱਭ ਹੀ ਲੈਂਦਾ ਹੈ ਅਤੇ ਦੂਜਿਆਂ ਵਿੱਚ ਵੀ ਸਕਾਰਾਤਮਕ ਊਰਜਾ ਫੈਲਾਉਂਦਾ ਹੈ।

ਇਸ ਦੇ ਉਲਟ ਕੁਝ ਵਿਅਕਤੀ ਅਜਿਹੇ ਵੀ ਹੁੰਦੇ ਹਨ ਜੋ ਚਾਹੇ ਕਿਹੋ ਜਿਹੀ ਵੀ ਸਹੂਲਤਾਂ ਨਾਲ ਘਿਰੇ ਹੋਣ, ਉਹਨਾਂ ਦੀ ਸੋਚ ਹਮੇਸ਼ਾਂ ਨਕਾਰਾਤਮਕ ਹੀ ਰਹਿੰਦੀ ਹੈ। ਉਹ ਆਪਣਾ ਮੂਡ ਤਾਂ ਖਰਾਬ ਕਰਦੇ ਹੀ ਹਨ, ਨਾਲ ਨਾਲ ਆਲੇ-ਦੁਆਲੇ ਦੇ ਮਾਹੌਲ ਨੂੰ ਵੀ ਭਾਰੀ ਬਣਾ ਦਿੰਦੇ ਹਨ।

ਆਖ਼ਰ ਵਿੱਚ, ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਜ਼ਿੰਦਗੀ ਦੀ ਅਸਲ ਖੁਸ਼ੀ ਕਿਸੇ ਬਾਹਰੀ ਸਹੂਲਤ ਜਾਂ



ਪਵਨ ਕੁਮਾਰ ਅੱਤਰੀ
ਅਧਿਆਪਕ (ਕਪੂਰਥਲਾ)
ਮੋਬਾ:-8427791277

ਆਰਾਮ ਨਾਲ ਨਹੀਂ, ਸਗੋਂ ਸਾਡੇ ਅੰਦਰਲੇ ਰਵੱਈਏ ਨਾਲ ਜੁੜੀ ਹੁੰਦੀ ਹੈ। ਜਿਹੜਾ ਮਨੁੱਖ ਛੋਟੀ ਛੋਟੀ ਗੱਲਾਂ ਵਿੱਚ ਵੀ ਖੁਸ਼ੀ ਲੱਭ ਲੈਂਦਾ ਹੈ, ਉਹ ਹਰ ਹਾਲਤ ਵਿੱਚ ਸੰਤੁਸ਼ਟ ਰਹਿੰਦਾ ਹੈ। ਪਰ ਜਿਹੜਾ ਵਿਅਕਤੀ ਹਮੇਸ਼ਾਂ ਨਕਾਰਾਤਮਕ ਸੋਚ ਰੱਖਦਾ ਹੈ, ਉਸ ਲਈ ਵੱਡੀਆਂ ਤੋਂ ਵੱਡੀਆਂ ਸਹੂਲਤਾਂ ਵੀ ਬੇਮਾਇਨਾ ਹੋ ਜਾਂਦੀਆਂ ਹਨ। ਇਸ ਲਈ ਜ਼ਰੂਰੀ ਹੈ ਕਿ ਅਸੀਂ ਹਾਲਾਤਾਂ ਨੂੰ ਨਹੀਂ, ਸਗੋਂ ਆਪਣੇ ਸੁਭਾਅ ਨੂੰ ਖੁਸ਼ਮਿਜਾਜ਼ ਬਣਾਈਏ ਕਿਉਂਕਿ ਖੁਸ਼ੀ ਸਫ਼ਰ ਵਿੱਚ ਹੈ, ਮੰਜ਼ਿਲ ਵਿੱਚ ਨਹੀਂ।

# ਬਲਾਕ ਨਵਾਂਸ਼ਹਿਰ ਦੀਆਂ ਬਲਾਕ ਪੱਧਰੀ ਖੇਡਾਂ ਦੀ ਸ਼ਾਨਦਾਰ ਸਮਾਪਤੀ ਹੋਈ

ਨਵਾਂਸ਼ਹਿਰ 19 ਅਕਤੂਬਰ (ਚਰਨਜੀਤ ਸੱਲ੍ਹਾਂ) ਸਿੱਖਿਆ ਵਿਭਾਗ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਧੀਨ ਬਲਾਕ ਨਵਾਂਸ਼ਹਿਰ ਦੀਆਂ ਪ੍ਰਾਇਮਰੀ ਪੱਧਰ ਦੀਆਂ ਬੱਚਿਆਂ ਸਕੂਲ ਦੀਆਂ ਖੇਡਾਂ ਮਿਤੀ 14 ਅਕਤੂਬਰ ਤੋਂ 16 ਅਕਤੂਬਰ ਦੌਰਾਨ ਬੱਬਰ ਕਰਮ ਸਿੰਘ ਮੈਮੋਰੀਅਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੌਲਤਪੁਰ ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ ਅਨੀਤਾ ਸ਼ਰਮਾ (ਸ.ਭ.ਸ ਨਗਰ) ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਲਖਵੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਅਵਤਾਰ ਸਿੰਘ ਦੀ ਯੋਗ ਅਗਵਾਈ ਵਿੱਚ ਬੀ.ਐਨ.ਓ ਰਮਨ ਕੁਮਾਰ ਅਤੇ ਸਮੂਹ ਸੀ. ਐਚ.ਟੀ. ਦੇ ਸਹਿਯੋਗ ਨਾਲ ਕਾਰਵਾਈਆਂ ਗਈਆਂ। ਇਹਨ੍ਹਾਂ ਖੇਡਾਂ ਵਿੱਚ ਪ੍ਰਾਇਮਰੀ ਜਮਾਤਾਂ ਪਹਿਲੀ ਤੋਂ ਪੰਜਵੀਂ ਦੇ ਬੱਚਿਆਂ ਨੇ ਭਾਗ ਲਿਆ।ਜਿਸ ਵਿੱਚ ਵੱਖ ਵੱਖ ਕਲੱਸਟਰ ਤੋਂ





ਪ੍ਰਾਇਮਰੀ ਸਕੂਲਾਂ ਦੇ ਵੱਖ ਵੱਖ ਖੇਡਾਂ ਵਿੱਚ ਜੇਤੂ ਟੀਮ ਦੇ ਬੱਚੇ ਸ਼ਾਮਿਲ ਹੋਏ।ਪਹਿਲੇ ਦਿਨ ਮੁੰਡੇ ਕੁੜੀਆਂ ਦੇ ਅਥਲੈਟਿਕਸ ਅਤੇ ਫੁੱਟਬਾਲ ਦੇ ਮੁਕਾਬਲੇ ਹੋਏ।ਦੂਸਰੇ ਦਿਨ ਮੁੰਡਿਆਂ ਦੀਆ ਖੇਡਾਂ ਖੋ- ਖੋ,ਕਬੱਡੀ,ਸ਼ਤਰੰਜ, ਬੈਡਮਿੰਟਨ,ਯੋਗਾ ਆਦਿ ਦੇ ਮੈਚ ਕਰਵਾਏ ਗਏ।ਤੀਸਰੇ ਦਿਨ ਕੁੜੀਆਂ ਦੇ ਮੈਚ ਕਰਵਾਏ ਗਏ।ਸਾਰੇ ਬੱਚਿਆਂ ਨੇ ਬਹੁਤ ਉਤਸ਼ਾਹ ਨਾਲ ਇਨ੍ਹਾਂ ਖੇਡਾਂ ਵਿੱਚ ਭਾਗ ਲਿਆ।ਬੱਚਿਆਂ ਨੂੰ ਤਿੰਨ ਦਿਨ ਰਿਫਰੈਸ਼ਮੈਂਟ ਰਾਜੇਸ਼ ਕੁਮਾਰ ਮਨੀ ਸਬਜ਼ੀ ਮੰਡੀ ਵਾਲਿਆਂ ਵਲੋਂ ਦਿੱਤੀ ਗਈ।ਸ਼ੇਖਰ ਪ੍ਰਭਾਕਰ ਤੇ ਹੋਰਾਂ ਸਹਿਯੋਗੀ ਸੱਜਣਾਂ ਵਲੋਂ ਵੀ ਬੱਚਿਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ। ਅਵਤਾਰ ਸਿੰਘ ਬੀ ਪੀ ਈ ਓ ਨੇ ਕਿਹਾ ਕਿ ਖੇਡਾਂ ਮਨੁੱਖ ਦੇ ਸਰਵਪੱਖੀ ਵਿਕਾਸ ਵਿਚ ਵਡਮੁੱਲਾ ਯੋਗਦਾਨ ਪਾਉਂਦੀਆਂ ਹਨ। ਉਨ੍ਹਾਂ ਅਧਿਆਪਕਾਂ ਦੀ ਖੇਡਾਂ ਪ੍ਰਤੀ ਤਨਦੇਹੀ ਨਾਲ ਕੀਤੀ ਡਿਊਟੀ ਦੀ ਸ਼ਲਾਘਾ ਕੀਤੀ। ਉਨ੍ਹਾਂ ਸਕੂਲ ਦੇ ਡਾਇਰੈਕਟਰ ਅਤੇ ਪ੍ਰਿੰਸੀਪਲ ਮੈਡਮ ਦਾ ਇਨ੍ਹਾਂ ਖੇਡਾਂ ਵਿੱਚ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।ਕਲੱਸਟਰ ਮੁੱਹੱਲਾ ਪਾਠਕਾਂ ਦੀ ਟੀਮ ਕਬੱਡੀ (ਮੁੰਡੇ) ਵਿੱਚ ਪਹਿਲੇ ਸਥਾਨ ਤੇ ਬਰਨਾਲਾ ਕਲਾਂ ਦੀ ਟੀਮ ਦੂਸਰੇ ਸਥਾਨ ਤੇ ਰਹੀ।ਖੋ ਖੋ (ਮੁੰਡੇ) ਵਿੱਚ ਕਲੱਸਟਰ ਬਰਨਾਲਾ ਕਲਾਂ ਪਹਿਲੇ ਤੇ ਬੜ੍ਹਵਾ ਦੂਸਰੇ ਸਥਾਨ ਤੇ ਰਿਹਾ। ਬੈਡਮਿੰਟਨ ਵਿੱਚ ਕਲੱਸਟਰ ਲੰਗੜੋਆ ਪਹਿਲੇ ਅਤੇ ਨੌਰਾ ਦੂਸਰੇ ਸਥਾਨ ਤੇ ਰਹੇ।ਰੱਸਾਕਸ਼ੀ ਵਿੱਚ ਲੰਗੜੋਆ ਪਹਿਲੇ ਅਤੇ ਮੁਹੱਲਾ ਪਾਠਕਾਂ ਦੂਸਰੇ ਸਥਾਨ ਤੇ ਰਹੇ।ਮਿੰਨੀ ਹੈਂਡਬਾਲ ਵਿੱਚ ਲਧਾਣਾ ਝਿੱਕਾ ਪਹਿਲੇ ਸਥਾਨ ਤੇ ਰਿਹਾ।ਸ਼ਤਰੰਜ ਵਿਚ ਲੰਗੜੋਆ ਪਹਿਲੇ ਤੇ ਮੱਲਪੁਰ ਅੜਕਾਂ ਦੂਸਰੇ ਸਥਾਨ ਤੇ ਰਹੇ। ਭਾਰ 25 ਕਿਲੋਗ੍ਰਾਮ ਕੁਸ਼ਤੀਆਂ ਵਿੱਚ ਜਾਡਲਾ ਕਲੱਸਟਰ ਜੇਤੂ ਰਿਹਾ। ਇਸ ਦੌਰਾਨ ਵੱਖ ਵੱਖ ਕਲਸਟਰਾਂ ਤੋਂ ਅਧਿਆਪਕ ਤੇ ਬੱਚੇ ਹਾਜ਼ਰ ਰਹੇ। ਜਿਸ ਵਿੱਚ ਗੁਰਦਿਆਲ ਮਾਨ,ਹੰਸਰਾਜ, ਜਸਵਿੰਦਰ ਕੌਰ, ਬਲਕਾਰ ਚੰਦ, ਦਵਿੰਦਰ ਸਿੰਘ, ਬਰਿੰਦਰ ਕੁਮਾਰ, ਬਲਬੀਰ ਕੁਮਾਰ,ਅਸ਼ਵਨੀ ਕੁਮਾਰ,ਬਲਬੀਰ ਕੌਰ, ਰਾਮ ਤੀਰਥ ਅੰਮ੍ਰਿਤਪਾਲ, ਮੋਨਿਕਾ ਗੁਲਾਟੀ, ਸੁਨੀਤਾ ਦੇਵੀ,ਮਨਪ੍ਰੀਤ ਕੌਰ, ਲਵਜਿੰਦਰ ਕੌਰ,ਗੁਰਪ੍ਰੀਤ ਕੌਰ,ਬਨਵਾਰੀ ਲਾਲ, ਹਰਦੀਪ ਕੁਮਾਰ,ਬਲਜਿੰਦਰ ਸਿੰਘ, ਸੱਤਪਾਲ,ਪਰਵੀਨ ਕਰੀਹਾ, ਜਤਿੰਦਰ ਕੁਮਾਰ, ਹਰਜਿੰਦਰ ਕੌਰ ਆਦਿ ਹਾਜ਼ਰ ਰਹੇ।

# ਜੁੱਗ ਜੁੱਗ ਜੀ ਭਾਬੋ...

ਹਰਜਿੰਦਰ ਕੌਰ
ਆਦਮਵਾਲ ਗੜ੍ਹੀ, ਹੁਸ਼ਿ.
9464288784

ਮਨੁੱਖ ਸਮਾਜਿਕ ਪ੍ਰਾਣੀ ਹੋਣ ਕਰਕੇ ਰਿਸ਼ਤੇ ਬਣਾਉਣ ਨੂੰ ਹਮੇਸ਼ਾ ਪਹਿਲ ਦਿੰਦਾ ਹੈ। ਭਾਰਤੀ ਸੱਭਿਆਚਾਰ ਵਿੱਚ ਤਾਂ ਰਿਸ਼ਤਿਆਂ ਦੀ ਅਹਿਮੀਅਤ ਸਭ ਤੋਂ ਉੱਪਰ ਮੰਨੀ ਜਾਂਦੀ ਹੈ । ਹਰ ਰਿਸ਼ਤੇ ਦੀ ਆਪਣੀ ਅਹਿਮੀਅਤ ਨਾਲ ਹੀ ਇਹ ਸਮਾਜਿਕ ਜ਼ਿੰਦਗੀ ਚਲਦੀ ਹੈ ।ਰਿਸ਼ਤਿਆਂ ਕਾਰਨ ਹੀ ਅਸੀਂ ਇੱਕ ਦੂਜੇ ਨਾਲ ਜੁੜਦੇ ਹੋਏ ਜ਼ਿੰਦਗੀ ਦਾ ਲੁਤਫ਼ ਉਠਾ ਸਕਦੇ ਹਾਂ।

